ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 29
ਫ਼ੋਨ: +91- 92168-07500
E-mail: news@charhdikala.com
www.charhdikala.com



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 30 January, 2026) ਸ਼ੁੱਕਰਵਾਰ, 30 ਜਨਵਰੀ, 2026, 17 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਚੰਡੀਗੜ੍ਹ 'ਚ ਪੰਜਾਬ ਸਿਵਲ ਸਕੱਤਰੇਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਚੰਡੀਗੜ, 29 ਜਨਵਰੀ (ਚ.ਨ.ਸ.): ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿਚ ਸਥਿਤ ਪੰਜਾਬ ਸਿਵਲ ਸਕੱਤਰੇਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਬਾਰੇ ਜਾਣਕਾਰੀ ਮਿਲਦਿਆਂ ਹੀ ਚੰਡੀਗੜ੍ਹ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਮੁਸਤੈਦ ਹੋ ਗਈਆਂ ਜਿਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ ਨੂੰ ਖਾਲੀ ਕਰਵਾ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਇਹ ਧਮਕੀ (ਬਾਕੀ ਸਫਾ 2 'ਤੇ)









## ਚੰਡੀਗੜ੍ਹ 'ਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਪੁੱਜੀ 'ਸਿੱਟ' ਨੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਰਿਕਾਰਡ ਕੀਤਾ ਹਾਸਲ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 29 ਜਨਵਰੀ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ 328 ਪਾਵਨ ਸਰੂਪਾਂ ਨਾਲ ਸਬੰਧਿਤ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਅੱਜ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੰਡੀਗੜ੍ਹ ਸੈਕਟਰ-5 ਸਥਿਤ ਦਫ਼ਤਰ 'ਚ ਪਹੁੰਚੀ। ਜਿਥੇ ਲਗਭਗ ਤਿੰਨ ਘੰਟੇ ਮਗਰੋਂ ਰਿਕਾਰਡ ਲੈ ਕੇ ਐੱਸ.ਆਈ.ਟੀ. ਦੀ ਟੀਮ ਬਾਹਰ ਆਈ। ਐੱਸ.ਆਈ.ਟੀ. ਅਧਿਕਾਰੀਆਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਲਈ ਲੋੜੀਂਦੇ ਰਿਕਾਰਡ ਟੀਮ ਨੂੰ ਸੌਂਪੇ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਇਸ ਰਿਕਾਰਡ ਦੀ ਵਿਸਥਾਰ ਨਾਲ ਜਾਂਚ ਕੀਤੀ ਜਾਵੇਗੀ। ਜਾਂਚ ਤੋਂ ਬਾਅਦ ਹੀ ਇਹ ਸਪਸ਼ਟ ਹੋ ਸਕੇਗਾ ਕਿ ਕਿੰਨਾ ਅਤੇ ਕਿਹੜਾ ਰਿਕਾਰਡ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਇਹ ਰਿਕਾਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਮੌਜੂਦਗੀ ਵਿੱਚ ਐੱਸ.ਆਈ.ਟੀ. ਨੂੰ ਦਿੱਤਾ ਗਿਆ। ਅਧਿਕਾਰੀਆਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਬਾਕੀ ਰਹਿੰਦਾ ਰਿਕਾਰਡ ਵੀ ਜਲਦ ਮੁਹੱਈਆ ਕਰਵਾ ਦਿੱਤਾ ਜਾਵੇਗਾ। ਐੱਸ.ਆਈ.ਟੀ. ਵੱਲੋਂ ਦੋਹਰਾਇਆ ਗਿਆ ਹੈ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਜਾਂਚ ਗੰਭੀਰਤਾ (ਬਾਕੀ ਸਫਾ 2 'ਤੇ)



# ਸੀਤਾਰਮਨ ਵੱਲੋਂ ਸੰਸਦ 'ਚ ਆਰਥਿਕ ਲੇਖਾ-ਜੋਖਾ 2025-26 ਪੇਸ਼

### ਵਿੱਤ ਮੰਤਰੀ 1 ਫਰਵਰੀ ਨੂੰ ਪੇਸ਼ ਕਰਨਗੇ ਆਮ ਬਜਟ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜਨਵਰੀ :ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸੰਸਦ ਵਿੱਚ ਵਿੱਤੀ ਵਰ੍ਹਾ 2025-26 ਲਈ ਭਾਰਤ ਦਾ ਆਰਥਿਕ ਸਰਵੇਖਣ ਪੇਸ਼ ਕੀਤਾ। ਇਸ ਦੇ ਨਾਲ ਹੀ 1 ਫਰਵਰੀ, ਨੂੰ ਪੇਸ਼ ਹੋਣ ਵਾਲੇ ਕੇਂਦਰੀ ਬਜਟ ਲਈ ਮੰਚ ਤਿਆਰ ਹੋ ਗਿਆ ਹੈ। ਇਸ ਵਾਰ ਖਾਸ ਗੱਲ ਇਹ ਹੈ ਕਿ ਬਜਟ ਐਤਵਾਰ ਨੂੰ ਪੇਸ਼ ਕੀਤਾ ਜਾ ਰਿਹਾ ਹੈ।

ਗੌਰਤਲਬ ਹੈ ਕਿ ਨਿਰਮਲਾ ਸੀਤਾਰਮਨ 1 ਫਰਵਰੀ ਨੂੰ ਲਗਾਤਾਰ ਨੌਵਾਂ ਕੇਂਦਰੀ ਬਜਟ ਪੇਸ਼ ਕਰਨ ਜਾ ਰਹੇ ਹਨ। ਬਜਟ ਤੋਂ ਪਹਿਲਾਂ ਆਰਥਿਕ ਸਰਵੇਖਣ ਪੇਸ਼ ਕਰਨ ਦੀ ਪਰੰਪਰਾ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਹੈ, ਜਿਸਦਾ ਮਕਸਦ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ ਨੂੰ ਦਰਸਾਉਣਾ ਹੁੰਦਾ ਹੈ।ਆਰਥਿਕ ਸਰਵੇਖਣ ਨੂੰ ਦੇਸ਼ ਦੀ ਅਰਥਵਿਵਸਥਾ ਦੇ ਸਾਲਾਨਾ ਰਿਪੋਰਟ ਕਾਰਡ ਵਜੋਂ ਵੇਖਿਆ ਜਾਂਦਾ ਹੈ। ਇਸ ਵਿੱਚ ਪਿਛਲੇ ਸਾਲ ਦੇ ਆਰਥਿਕ ਪ੍ਰਦਰਸ਼ਨ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਜਾਂਦੀ ਹੈ ਅਤੇ ਭਵਿੱਖ ਦੀ ਨੀਤੀ ਦਿਸ਼ਾ ਲਈ ਰਾਹਦਾਰੀ ਦਿੱਤੀ ਜਾਂਦੀ ਹੈ।

ਸਰਵੇਖਣ ਵਿੱਚ ਜੀਡੀਪੀ ਵਿਕਾਸ ਦਰ, ਮਹਿੰਗਾਈ ਵਿੱਤੀ ਘਾਟਾ ਅਤੇ ਵਪਾਰ ਸੰਤੁਲਨ ਵਰਗੇ ਮੁੱਖ ਆਰਥਿਕ ਪੈਮਾਨਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।ਆਰਥਿਕ ਸਰਵੇਖਣ ਦੋ ਭਾਗਾਂ ਵਿੱਚ (ਬਾਕੀ ਸਫਾ 2 'ਤੇ)



## ਸੀਤਾਰਮਨ ਵੱਲੋਂ ਲਗਾਤਾਰ 9 ਬਜਟ ਪੇਸ਼ ਕਰਨਾ ਮਾਣ ਵਾਲੀ ਗੱਲ: ਮੋਦੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜਨਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਲਗਾਤਾਰ ਨੌਵੀਂ ਵਾਰ ਕੇਂਦਰੀ ਬਜਟ ਪੇਸ਼ ਕਰਨਾ ਭਾਰਤ ਦੇ ਸੰਸਦੀ ਇਤਿਹਾਸ ਵਿੱਚ ਮਾਣ ਵਾਲੀ ਗੱਲ ਹੋਵੇਗੀ। ਸੀਤਾਰਮਨ ਐਤਵਾਰ ਨੂੰ ਸੰਸਦ ਵਿੱਚ 2026-27 ਲਈ ਕੇਂਦਰੀ ਬਜਟ ਪੇਸ਼ ਕਰਨਗੇ।

ਮੋਦੀ ਨੇ ਕਿਹਾ, 'ਵਿੱਤ ਮੰਤਰੀ ਨਿਰਮਲਾ ਜੀ ਲਗਾਤਾਰ ਨੌਂਵੀਂ ਵਾਰ ਸੰਸਦ ਵਿੱਚ ਬਜਟ ਪੇਸ਼ ਕਰਨਗੇ - ਉਹ ਅਜਿਹਾ ਕਰਨ ਵਾਲੀ ਦੇਸ਼ ਦੀ ਪਹਿਲੀ ਮਹਿਲਾ ਵਿੱਤ ਮੰਤਰੀ ਹੋਵੇਗੀ। ਇਹ ਪਲ ਭਾਰਤ ਦੇ ਸੰਸਦੀ ਇਤਿਹਾਸ ਵਿੱਚ ਮਾਣ ਨਾਲ ਦਰਜ ਕੀਤਾ ਜਾਵੇਗਾ।' ਸਾਬਕਾ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ 10 ਵਾਰ ਕੇਂਦਰੀ ਬਜਟ ਪੇਸ਼ ਕੀਤਾ, ਜਦੋਂ ਕਿ ਪੀ. ਚਿਦੰਬਰਮ ਨੇ 9 ਵਾਰ ਬਜਟ ਪੇਸ਼ ਕੀਤਾ, ਪਰ ਲਗਾਤਾਰ ਨਹੀਂ।



## ਡੀ.ਜੀ.ਪੀ. ਪੰਜਾਬ ਵੱਲੋਂ ਦਿੱਲੀ ਅਸੈਂਬਲੀ 'ਚ ਜਵਾਬ ਦਾਖ਼ਲ

ਨਵੀਂ ਦਿੱਲੀ, 29 ਜਨਵਰੀ (ਚ.ਨ.ਸ.): ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦਿੱਲੀ ਵਿਧਾਨ ਸਭਾ ਸਕੱਤਰੇਤ ਵੱਲੋਂ 23 ਜਨਵਰੀ ਨੂੰ ਜਾਰੀ ਪੱਤਰ ਤੋਂ ਬਾਅਦ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਤੇ ਆਪ ਆਗੂ ਆਤਿਸ਼ੀ ਦੇ ਕਥਿਤ ਵੀਡੀਓ ਦੇ ਪ੍ਰਸਾਰਣ ਨੂੰ ਲੈ ਕੇ ਜਲੰਧਰ ਪੁਲਿਸ ਵੱਲੋਂ ਦਰਜ ਐਫ.ਆਈ.ਆਰ. ਮਾਮਲੇ 'ਚ ਆਪਣਾ ਲਿਖਤੀ ਜਵਾਬ ਦਾਖ਼ਲ ਕਰ ਦਿੱਤਾ ਹੈ। ਡੀ.ਜੀ.ਪੀ. ਨੇ ਵਿਧਾਨ ਸਭਾ ਸਕੱਤਰੇਤ ਨੂੰ ਦੱਸਿਆ ਕਿ ਇਸ ਮਾਮਲੇ 'ਤੇ ਉਨ੍ਹਾਂ ਦਾ ਜਵਾਬ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ (ਏ.ਸੀ.ਐਸ.) ਨੂੰ ਪ੍ਰਵਾਨਗੀ ਲਈ ਭੇਜ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਲੰਧਰ ਦੇ ਪੁਲਿਸ ਕਮਿਸ਼ਨਰ ਤੋਂ ਲਿਖਤੀ ਜਵਾਬ ਪ੍ਰਾਪਤ ਹੋ ਗਿਆ ਹੈ ਅਤੇ ਇਸ ਨੂੰ ਅੱਗੇ ਸਮਰੱਥ ਅਥਾਰਟੀ ਕੋਲ (ਬਾਕੀ ਸਫਾ 2 'ਤੇ)

## ਚੰਡੀਗੜ੍ਹ ਦੇ ਮੇਅਰ ਬਣੇ ਭਾਜਪਾ ਦੇ ਸੌਰਭ ਜੋਸ਼ੀ

### ਜਸਮਨਪ੍ਰੀਤ ਸਿੰਘ ਸੀਨੀ. ਡਿਪਟੀ ਮੇਅਰ ਤੇ ਸੁਮਨ ਸ਼ਰਮਾ ਡਿਪਟੀ ਮੇਅਰ ਬਣੇ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 29 ਜਨਵਰੀ: ਚੰਡੀਗੜ੍ਹ ਮੇਅਰ ਦੀ ਚੋਣ ਵਿੱਚ ਭਾਜਪਾ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਭਾਜਪਾ ਕੋਲ ਹੁਣ ਤਿੰਨੋਂ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਅਹੁਦੇ ਹਨ। ਭਾਜਪਾ ਦੇ ਉਮੀਦਵਾਰ ਸੌਰਭ ਜੋਸ਼ੀ ਚੰਡੀਗੜ੍ਹ ਦੇ ਨਵੇਂ ਮੇਅਰ ਬਣੇ। ਭਾਜਪਾ ਨੂੰ 18 ਵੋਟਾਂ ਮਿਲੀਆਂ, ਜਦੋਂ ਕਿ ਕਾਂਗਰਸ ਦੇ ਉਮੀਦਵਾਰ ਨੂੰ ਸੱਤ ਅਤੇ 'ਆਪ' ਦੇ ਉਮੀਦਵਾਰ ਨੂੰ 11 ਵੋਟਾਂ ਮਿਲੀਆਂ। ਭਾਜਪਾ ਦੇ ਉਮੀਦਵਾਰ ਜਸਮਨਪ੍ਰੀਤ ਸਿੰਘ ਨੇ ਵੀ ਸੀਨੀਅਰ ਡਿਪਟੀ ਮੇਅਰ ਦਾ ਅਹੁਦਾ ਜਿੱਤਿਆ। ਗਿਆਰਾਂ 'ਆਪ' ਕੌਂਸਲਰਾਂ ਨੇ ਆਪਣੀ ਪਾਰਟੀ ਦੇ ਉਮੀਦਵਾਰ ਮੁੰਨਵਰ ਰਾਣਾ ਨੂੰ ਵੋਟ ਦਿੱਤੀ। ਇਸ ਤੋਂ ਬਾਅਦ, ਭਾਜਪਾ ਦੀ ਸੁਮਨ ਸ਼ਰਮਾ ਨੇ ਵੀ 18 ਵੋਟਾਂ ਪ੍ਰਾਪਤ ਕਰਕੇ ਡਿਪਟੀ ਮੇਅਰ ਦਾ ਅਹੁਦਾ ਜਿੱਤਿਆ। ਇਸ ਦੌਰਾਨ 'ਆਪ' ਦੀ ਜਸਵਿੰਦਰ ਕੌਰ ਨੂੰ 11 ਵੋਟਾਂ ਮਿਲੀਆਂ। 'ਆਪ' ਨੇਤਾ ਰਾਮਚੰਦਰ, ਜੋ ਕਿ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਸਨ, ਪਹਿਲਾਂ ਹੀ ਆਪਣੀ ਨਾਮਜ਼ਦਗੀ ਵਾਪਸ ਲੈ ਚੁੱਕੇ ਸਨ, ਅਤੇ ਕਾਂਗਰਸ ਨੇਤਾ ਸਦਨ ਛੱਡ ਕੇ ਚਲੇ ਗਏ ਸਨ। ਇਸ ਵਾਰ, ਚੋਣ ਗੁਪਤ ਵੋਟਿੰਗ ਦੀ ਬਜਾਏ ਹੱਥ ਦਿਖਾ ਕੇ ਹੋਈ। (ਬਾਕੀ ਸਫਾ 2 'ਤੇ)



## ਯੂ.ਜੀ.ਸੀ. ਦੇ ਨਵੇਂ ਨਿਯਮਾਂ 'ਤੇ ਸੁਪਰੀਮ ਕੋਰਟ ਨੇ ਲਗਾਈ ਰੋਕ

### ਕੇਂਦਰ ਨੂੰ ਨੋਟਿਸ ਜਾਰੀ ਕਰਕੇ ਮੰਗਿਆ ਜਵਾਬ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜਨਵਰੀ : ਸੁਪਰੀਮ ਕੋਰਟ ਨੇ ਯੂ.ਜੀ.ਸੀ. (ਉੱਚ ਸਿੱਖਿਆ ਸੰਸਥਾਵਾਂ ਵਿੱਚ ਸਮਾਨਤਾ ਨੂੰ ਉਤਸ਼ਾਹਿਤ ਕਰਨ) ਨਿਯਮਾਂ, 2026 ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕੀਤੀ। ਇਨ੍ਹਾਂ ਨਿਯਮਾਂ ਨੂੰ ਇਸ ਆਧਾਰ 'ਤੇ ਚੁਣੌਤੀ ਦਿੱਤੀ ਗਈ ਸੀ ਕਿ ਇਹ ਆਮ ਸ਼੍ਰੇਣੀਆਂ ਨਾਲ ਵਿਤਕਰਾ ਕਰਦੇ ਸਨ। ਸੁਣਵਾਈ ਦੌਰਾਨ, ਸੁਪਰੀਮ ਕੋਰਟ ਨੇ ਨਵੇਂ ਯੂ.ਜੀ.ਸੀ. ਨਿਯਮਾਂ 'ਤੇ ਰੋਕ ਲਗਾ ਦਿੱਤੀ। 2012 ਦੇ ਨਿਯਮ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ। ਸੁਣਵਾਈ ਦੌਰਾਨ, ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀਆਂ ਕਰਦਿਆਂ ਕਿਹਾ ਕਿ ਨਵੇਂ ਨਿਯਮ ਅਸਪਸ਼ਟ ਸਨ ਅਤੇ ਨਵੇਂ ਯੂਜੀਸੀ ਨਿਯਮਾਂ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਅਤੇ ਅਗਲੇ ਹੁਕਮਾਂ ਤੱਕ ਨਵੇਂ ਯੂ.ਜੀ.ਸੀ. ਨਿਯਮਾਂ 'ਤੇ ਰੋਕ ਲਗਾ ਦਿੱਤੀ। ਇਸ ਮਾਮਲੇ 'ਤੇ ਅਗਲੀ ਸੁਣਵਾਈ 19 ਮਾਰਚ ਨੂੰ ਹੋਵੇਗੀ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਨੇ ਰਿੱਟ (ਬਾਕੀ ਸਫਾ 2 'ਤੇ)




## ਅਵਾਰਾ ਕੁੱਤਿਆਂ ਦੇ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਸੁਰੱਖਿਅਤ

ਨਵੀਂ ਦਿੱਲੀ, 29 ਜਨਵਰੀ (ਚ.ਨ.ਸ.):ਅਵਾਰਾ ਕੁੱਤਿਆਂ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਦੀ ਸੁਣਵਾਈ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ। ਦੇਸ਼ ਵਿੱਚ ਕੁੱਤਿਆਂ ਦੇ ਕੱਟਣ ਦੀ ਵਧਦੀ ਗਿਣਤੀ ਕਾਰਨ ਅਵਾਰਾ ਕੁੱਤਿਆਂ ਦੇ ਖਤਰੇ ਬਾਰੇ ਸੁਪਰੀਮ ਕੋਰਟ ਨੇ ਸੂ ਮੋਟੋ ਮਾਮਲੇ 'ਤੇ ਫ਼ੈਸਲਾ ਰਾਖਵਾਂ ਰੱਖਿਆ।ਅਦਾਲਤ ਨੇ ਪਹਿਲਾਂ ਇਸ ਮਾਮਲੇ ਵਿੱਚ ਵੱਖ-ਵੱਖ ਨਿਰਦੇਸ਼ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚ ਅਧਿਕਾਰੀਆਂ ਨੂੰ ਸਕੂਲਾਂ, ਜਨਤਕ ਹਸਪਤਾਲਾਂ ਅਤੇ ਹਾਈਵੇਅ ਵਰਗੀਆਂ (ਬਾਕੀ ਸਫਾ 2 'ਤੇ)

## ਸੁਖਬੀਰ ਸਿੰਘ ਬਾਦਲ ਵੱਲੋਂ ਨਾਭਾ ਜੇਲ੍ਹ 'ਚ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ

ਚੜ੍ਹਦੀਕਲਾ ਬਿਊਰੋ
================

ਨਾਭਾ, 29 ਜਨਵਰੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਪਹੁੰਚੇ। ਇੱਥੇ ਉਨ੍ਹਾਂ ਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਦੇ ਵਿੱਚ ਦੇ ਵਿੱਚ ਨਜ਼ਰਬੰਦ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ। ਸੁਖਬੀਰ ਬਾਦਲ ਨੇ ਮਜੀਠੀਆ ਨਾਲ ਕਰੀਬ ਅੱਧੇ ਘੰਟੇ ਤੱਕ ਮੁਲਾਕਾਤ ਕੀਤੀ। ਮੁਲਾਕਾਤ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਂ ਬਿਕਰਮ ਸਿੰਘ ਮਜੀਠੀਆ ਨੂੰ ਮਿਲ ਕੇ ਆਇਆ ਹਾਂ। ਉਹ ਬਿਲਕੁਲ ਤੰਦਰੁਸਤ ਅਤੇ ਚੜ੍ਹਦੀ ਕਲਾ ਵਿੱਚ ਹਨ। ਉਨਾਂ ਅੱਗੇ ਕਿਹਾ ਕਿ ਝੂਠਾ ਕੇਸ ਬਣਾਉਣਾ ਬਹੁਤ ਵੱਡਾ ਗੁਨਾਹ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਝੂਠੇ ਕੇਸ ਖੋਲ੍ਹ ਕੇ ਜਾਂਚ-ਪੜਤਾਲ ਕੀਤੀ ਜਾਵੇਗੀ। ਜੋ ਝੂਠੇ ਪਰਚੇ ਕੀਤੇ ਗਏ ਹਨ ਉਨਾਂ ਸਾਰੇ ਪਰਚਿਆਂ ਨੂੰ ਰੱਦ ਕੀਤਾ ਜਾਵੇਗਾ। ਪੰਜਾਬ ਦੀ ਕਾਨੂੰਨ ਵਿਵਸਥਾ ਬਾਰੇ ਬੋਲਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਪਿਛਲੇ 20 ਦਿਨਾਂ ਦੇ ਦੌਰਾਨ ਪੰਜਾਬ ਦੇ ਵਿੱਚ 25 ਤੋਂ 30 ਕਤਲ ਹੋ ਗਏ ਹਨ। ਗੈਂਗਸਟਰਾਂ ਦੇ ਵੱਲੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਸਾਡੀ ਸਰਕਾਰ ਆਉਣ 'ਤੇ ਅਸੀਂ ਨਾ ਕੋਈ ਗੈਂਗਸਟਰ ਖੰਘਣ ਦਿਆਂਗੇ ਤੇ ਨਾ ਕਿਸੇ ਨੂੰ ਪੰਜਾਬ ਦੇ ਹੱਕਾਂ 'ਤੇ ਹਮਲਾ ਕਰਨ ਦਿਆਂਗੇ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਇਕੱਠੇ ਹੋ ਕੇ ਆਪਣੀ ਖੇਤਰੀ ਪਾਰਟੀ ਨੂੰ ਮਜ਼ਬੂਤ ਕਰੋ।




## ਬੀਜਾਪੁਰ 'ਚ ਮੁਕਾਬਲੇ ਦੌਰਾਨ 2 ਮਾਓਵਾਦੀ ਢੇਰ

ਬੀਜਾਪੁਰ , 29 ਜਨਵਰੀ (ਚ.ਨ.ਸ.): ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਦੱਖਣੀ ਖੇਤਰ 'ਚ ਅੱਜ ਸੁਰੱਖਿਆ ਬਲਾਂ ਤੇ ਮਾਓਵਾਦੀਆਂ ਵਿਚਕਾਰ ਭਿਆਨਕ ਮੁੱਠਭੇੜ ਹੋਣ ਦੀ ਸੂਚਨਾ ਮਿਲੀ ਹੈ। ਸੂਤਰਾਂ ਅਨੁਸਾਰ ਇਸ ਕਾਰਵਾਈ 'ਚ ਦੋ ਨਕਸਲੀ ਮਾਰੇ ਗਏ ਹਨ, ਹਾਲਾਂਕਿ ਪੁਲਿਸ ਵੱਲੋਂ ਅਜੇ ਤੱਕ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਮੁੱਠਭੇੜ ਅੱਜ ਸਵੇਰੇ ਲਗਭਗ 7 ਵਜੇ ਸ਼ੁਰੂ ਹੋਈ। ਡੀ.ਆਰ.ਜੀ. (ਡਿਸਟ੍ਰਿਕਟ ਰਿਜ਼ਰਵ ਗਾਰਡ) ਦੀ ਟੀਮ ਵੱਲੋਂ ਇਹ ਸਰਚ ਆਪ੍ਰੇਸ਼ਨ ਚਲਾਇਆ ਜਾ ਰਿਹਾ ਹੈ। ਜੰਗਲਾਂ ਵਿੱਚ ਰੁਕ-ਰੁਕ ਕੇ ਫਾਇਰਿੰਗ ਜਾਰੀ ਹੈ ਅਤੇ ਇਲਾਕੇ ਵਿੱਚ ਤਣਾਅ ਬਣਿਆ ਹੋਇਆ ਹੈ। ਸੁਰੱਖਿਆ ਬਲਾਂ ਨੂੰ ਇਲਾਕੇ 'ਚ (ਬਾਕੀ ਸਫਾ 2 'ਤੇ)

## ਸਮਾਜਿਕ ਅਸਥਿਰਤਾ ਹੋਣ ਕਾਰਨ ਬੰਗਲਾਦੇਸ਼ ਟੈਲੀਵਿਜ਼ਨ 'ਤੇ ਟਰਾਂਸਜੈਂਡਰ ਐਂਕਰ ਪੜ੍ਹਨਗੇ ਖ਼ਬਰਾਂ

### ਬੰਗਲਾਦੇਸ਼ ਦੀ 50ਵੀਂ ਵਰ੍ਹੇਗੰਢ ਦੇ ਮੌਕੇ 'ਤੇ ਵਿਸ਼ੇਸ਼ ਪ੍ਰੋਗਰਾਮ ਦੇ ਐਂਕਰ ਵੀ ਟਰਾਂਸਜੈਂਡਰ ਮਹਿਲਾ ਲਗਾਏ

ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ
================

### ਹਿੰਦੂ ਐਂਕਰਜ਼ ਦੀਆਂ ਸੇਵਾਵਾਂ ਖ਼ਤਮ

ਨਵੀਂ ਦਿੱਲੀ, 29 ਜਨਵਰੀ :ਬੰਗਲਾਦੇਸ਼ ਵਿੱਚ ਆਜ਼ਾਦੀ ਦੇ 50 ਸਾਲ ਪੂਰੇ ਹੋਣ ਦੇ ਮੌਕੇ 'ਤੇ ਬੌਈਸਾਖੀ ਟੀਵੀ (ਜਿਸ ਨੂੰ ਅਕਸਰ ਬੋਈ ਸਖੀ ਟੀਵੀ ਵਜੋਂ ਵੀ ਜਾਣਿਆ ਜਾਂਦਾ ਹੈ) ਵੱਲੋਂ ਟਰਾਂਸਜੈਂਡਰ ਐਂਕਰ ਨੂੰ ਨਿਊਜ਼ ਬੁਲੇਟਿਨ ਪੜ੍ਹਨ ਦਾ ਮੌਕਾ ਦੇਣਾ ਇੱਕ ਇਤਿਹਾਸਕ ਅਤੇ ਸਾਹਸੀ ਕਦਮ ਹੈ। ਹੁਣ ਇਹ ਘਟਨਾ 2025 ਜਦੋਂ ਤਸਨੁਭਾ ਅਨਾਨ ਸ਼ਿਸ਼ਿਰ ਨੇ ਇੰਟਰਨੈਸ਼ਨਲ ਵੂਮੈਨਜ਼ ਡੇ 'ਤੇ ਆਪਣੀ ਪਹਿਲੀ ਨਿਊਜ਼ ਸੈਗਮੈਂਟ ਪੇਸ਼ ਕੀਤੀ। ਇਹ ਮੌਕਾ ਨਾ ਸਿਰਫ਼ ਬੰਗਲਾਦੇਸ਼ ਦੀ ਸਵਤੰਤਰਤਾ ਦੀ 50ਵੀਂ ਸਾਲਗ੍ਰਿਹਾ ਨਾਲ ਜੁੜਿਆ ਸੀ ਬਲਕਿ ਇਸ ਨੇ ਸਮਾਜ ਵਿੱਚ ਲਿੰਗ ਵਿਭਿੰਨਤਾ ਅਤੇ ਸਮਾਨਤਾ ਦੇ ਮੁੱਦੇ ਨੂੰ ਵੀ ਨਵੀਂ ਰੌਸ਼ਨੀ ਵਿੱਚ ਪੇਸ਼ ਕੀਤਾ।

ਬੌਈਸਾਖੀ ਟੀਵੀ ਦੇ ਅਧਿਕਾਰੀਆਂ ਨੇ ਇਸ ਫੈਸਲੇ ਨੂੰ ਬਹੁਤ ਸਾਫ਼ ਤੌਰ 'ਤੇ ਸਮਝਾਇਆ ਕਿ ਬੰਗਲਾਦੇਸ਼ ਵਿੱਚ ਟਰਾਂਸਜੈਂਡਰ ਸਮੁਦਾਏ (ਹਿਜੜਾ ਕਿਹਾ ਜਾਂਦਾ ਹੈ) ਸਭ ਤੋਂ ਵੱਧ ਨਜ਼ਰਅੰਦਾਜ਼ ਅਤੇ ਨਸਲਕੁਸ਼ੀ ਵਾਲੇ ਭਾਈਚਾਰੇ ਵਿੱਚੋਂ ਇੱਕ ਹੈ। ਸਰਕਾਰ ਵੱਲੋਂ 2013 ਤੋਂ ਟਰਾਂਸਜੈਂਡਰ ਨੂੰ ਤੀਜੇ ਲਿੰਗ ਵਜੋਂ ਮਾਨਤਾ ਦਿੱਤੀ ਗਈ ਹੈ, ਪਰ ਅਸਲ ਜ਼ਿੰਦਗੀ ਵਿੱਚ ਉਹਨਾਂ ਨੂੰ ਅਜੇ ਵੀ ਭੇਦਭਾਵ, ਹਿੰਸਾ ਅਤੇ ਸਮਾਜਿਕ ਤੌਰ 'ਤੇ ਅਲੱਗ-ਥਲੱਗ ਰੱਖਿਆ ਜਾਂਦਾ ਹੈ। ਚੈਨਲ ਨੇ ਕਿਹਾ ਕਿ ਇਸ ਵਕਤ ਦੇ ਮਾਹੌਲ ਵਿੱਚ ਜਾਤੀਅਤਾ ਅਤੇ ਧਾਰਮਿਕ ਤਣਾਅ ਵਧ ਰਿਹਾ ਹੈ, ਹਿੰਦੂ ਘੱਟ ਗਿਣਤੀਆਂ 'ਤੇ ਹਮਲੇ ਹੋ ਰਹੇ ਹਨ ਅਤੇ ਸੁਰੱਖਿਆ ਦੇ ਮਸਲਿਆਂ ਕਾਰਨ ਬਹੁਤ ਸਾਰੀਆਂ ਮਹਿਲਾਵਾਂ ਪਰਦੇ ਜਾਂ (ਬਾਕੀ ਸਫਾ 2 'ਤੇ)



## ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

ਚੜ੍ਹਦੀਕਲਾ ਬਿਊਰੋ
================

ਮੁੰਬਈ, 29 ਜਨਵਰੀ : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਪੁਣੇ ਜ਼ਿਲ੍ਹੇ ਦੇ ਬਾਰਾਮਤੀ ਵਿੱਚ ਰਸਮਾਂ-ਰਿਵਾਜਾਂ ਅਤੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅਜੀਤ ਪਵਾਰ ਦੀ ਮ੍ਰਿਤਕ ਦੇਹ ਨੂੰ ਮੁੱਖ ਅਗਨੀ ਉਨ੍ਹਾਂ ਦੇ ਪੁੱਤਰ ਵਲੋਂ ਦਿੱਤੀ ਗਈ। ਇਸ ਮੌਕੇ ਅਜੀਤ ਪਵਾਰ ਨੂੰ 'ਬੰਦੂਕਾਂ ਦੀ ਸਲਾਮੀ' ਦਿੱਤੀ ਗਈ।ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਅੰਤਿਮ ਸੰਸਕਾਰ ਵਿੱਚ ਹਿੱਸਾ ਲੈਣ ਲਈ ਸ਼ਮਸ਼ਾਨਘਾਟ ਪਹੁੰਚੇ । ਉਪ ਮੁੱਖ ਮੰਤਰੀ ਅਜੀਤ ਪਵਾਰ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਦੱਸ ਦੇਈਏ ਕਿ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਬੁੱਧਵਾਰ, 28 ਜਨਵਰੀ ਨੂੰ ਮਹਾਰਾਸ਼ਟਰ ਦੇ ਬਾਰਾਮਤੀ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਅਚਾਨਕ ਮੌਤ ਹੋ ਗਈ ਸੀ। ਇਹ ਹਾਦਸਾ (ਬਾਕੀ ਸਫਾ 2 'ਤੇ)



## 4 ਲੱਖ ਤੋਂ ਪਾਰ ਹੋਈ ਚਾਂਦੀ, ਸੋਨੇ ਨੇ ਵੀ ਤੋੜੇ ਸਾਰੇ ਰਿਕਾਰਡ

ਨਵੀਂ ਦਿੱਲੀ, 29 ਜਨਵਰੀ (ਚ.ਨ.ਸ.):ਦੇਸ਼ ਭਰ 'ਚ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਪਿਛਲੇ ਕਈ ਦਿਨਾਂ ਤੋਂ ਲਾਗਾਤਾਰ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਕੀਮਤਾਂ ਵਿਚ ਹੋ ਰਹੇ ਵਾਧੇ ਕਾਰਨ ਸੋਨੇ-ਚਾਂਦੀ ਦੇ ਗਹਿਣੇ ਖਰੀਦਣ ਵਾਲੇ ਲੋਕਾਂ ਨੂੰ ਵੱਡਾ ਝਟਕਾ ਲੱਗ ਰਿਹਾ ਹੈ। ਮੰਗਲਵਾਰ ਨੂੰ ਮਲਟੀ ਕਮੋਡਿਟੀ ਐਕਸਚੇਂਜ (ਐੱਮ.ਸੀ.ਐਕਸ.) 'ਤੇ ਕਾਰੋਬਾਰ ਸ਼ੁਰੂ ਹੁੰਦੇ ਹੀ ਦੋਵੇਂ ਕੀਮਤੀ ਧਾਤਾਂ ਆਪਣੇ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ ਹਨ। ਅੱਜ ਚਾਂਦੀ ਦੀਆਂ ਕੀਮਤਾਂ ਨੇ ਰਿਕਾਰਡ ਤੋੜ ਦਿੱਤਾ ਹੈ। ਵੀਰਵਾਰ ਨੂੰ ਚਾਂਦੀ ਦੀਆਂ ਕੀਮਤਾਂ 4 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਰਿਕਾਰਡ ਉੱਚ ਪੱਧਰ ਨੂੰ ਪਾਰ ਕਰ (ਬਾਕੀ ਸਫਾ 2 'ਤੇ)

## ਸੰਪਾਦਕੀ

# ਇੱਕ ਹੋਰ ਦੁਖਾਂਤ

ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਸਮੇਤ ਪੰਜ ਲੋਕਾਂ ਦੀ ਜਹਾਜ਼ ਹਾਦਸੇ ਵਿੱਚ ਮੌਤ ਦਿਲ ਦਹਿਲਾ ਦੇਣ ਵਾਲੀ ਹੈ। ਇਸ ਦੁਖਾਂਤ ਨੇ ਨਾ ਸਿਰਫ਼ ਦੇਸ਼ ਤੋਂ ਇੱਕ ਸਮਰੱਥ ਨੇਤਾ ਨੂੰ ਖੋਹ ਲਿਆ, ਸਗੋਂ ਉਨ੍ਹਾਂ ਦੁਖਦਾਈ ਹਾਦਸਿਆਂ ਦੀਆਂ ਕੌੜੀਆਂ ਯਾਦਾਂ ਨੂੰ ਵੀ ਤਾਜ਼ਾ ਕਰ ਦਿੱਤਾ, ਜਿਨ੍ਹਾਂ ਨੇ ਪਹਿਲਾਂ ਕਈ ਰਾਜਨੀਤਿਕ ਦਿੱਗਜ਼ਾਂ ਅਤੇ ਪ੍ਰਮੁੱਖ ਹਸਤੀਆਂ ਦੀਆਂ ਜਾਨਾਂ ਲਈਆਂ ਹਨ। ਪੁਣੇ ਜ਼ਿਲ੍ਹੇ ਦੇ ਬਾਰਾਮਤੀ ਵਿੱਚ ਵਾਪਰੇ ਹਾਦਸੇ ਦੀ ਹੁਣ ਵੱਖ-ਵੱਖ ਕੋਣਾਂ ਤੋਂ ਜਾਂਚ ਕੀਤੀ ਜਾ ਰਹੀ ਹੈ, ਪਰ ਸਵਾਲ ਇਹ ਹੈ ਕਿ ਕੀ ਸਰਕਾਰੀ ਮਸ਼ੀਨਰੀ ਨੇ ਅਜਿਹੇ ਹਾਦਸਿਆਂ ਤੋਂ ਕੋਈ ਸਬਕ ਨਹੀਂ ਸਿੱਖਿਆ? ਅਧਿਕਾਰਤ ਤੌਰ 'ਤੇ ਕਿਹਾ ਗਿਆ ਹੈ ਕਿ ਹਾਦਸੇ ਸਮੇਂ ਹਵਾਈ ਅੱਡੇ 'ਤੇ ਦ੍ਰਿਸ਼ਟੀ ਘੱਟ ਸੀ। ਜੇਕਰ ਸਥਿਤੀ ਸੱਚਮੁੱਚ ਖ਼ਤਰਨਾਕ ਸੀ, ਤਾਂ ਜਹਾਜ਼ ਨੂੰ ਉਤਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਦੂਜਾ, ਇਹ ਪੁੱਛਣਾ ਵੀ ਜ਼ਰੂਰੀ ਹੈ: ਕੀ ਆਧੁਨਿਕ ਤਕਨਾਲੋਜੀ ਦੇ ਇਸ ਯੁੱਗ ਵਿੱਚ, ਕੀ ਅਜਿਹੀਆਂ ਐਮਰਜੈਂਸੀ ਨਾਲ ਨਜਿੱਠਣ ਲਈ ਹਵਾਈ ਅੱਡਿਆਂ 'ਤੇ ਵਿਸ਼ੇਸ਼ ਪ੍ਰਬੰਧ ਨਹੀਂ ਕੀਤੇ ਜਾ ਸਕਦੇ? ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਜਹਾਜ਼ ਬੁੱਧਵਾਰ ਸਵੇਰੇ ਪੁਣੇ ਜ਼ਿਲ੍ਹੇ ਦੇ ਬਾਰਾਮਤੀ ਵਿੱਚ ਹਵਾਈ ਅੱਡੇ 'ਤੇ ਉਤਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ ਸੀ। ਲੈਂਡਿੰਗ ਤੋਂ ਬਾਅਦ ਜਹਾਜ਼ ਵਿੱਚ ਧਮਾਕਾ ਹੋ ਗਿਆ ਅਤੇ ਅੱਗ ਲੱਗ ਗਈ। ਇਸ ਹਾਦਸੇ ਵਿੱਚ ਅਜੀਤ ਪਵਾਰ ਸਮੇਤ ਸਵਾਰ ਸਾਰੇ ਪੰਜ ਲੋਕਾਂ ਦੀ ਜਾਨ ਚਲੀ ਗਈ। ਇਸ ਤੋਂ ਪਹਿਲਾਂ, ਦੇਸ਼ ਨੇ ਜਹਾਜ਼ ਹਾਦਸਿਆਂ ਵਿੱਚ ਪ੍ਰਮੁੱਖ ਹਸਤੀਆਂ ਨੂੰ ਗੁਆ ਦਿੱਤਾ ਹੈ, ਜਿਨ੍ਹਾਂ ਵਿੱਚ 1980 ਵਿੱਚ ਕਾਂਗਰਸ ਨੇਤਾ ਸੰਜੇ ਗਾਂਧੀ, 2001 ਵਿੱਚ ਮਾਧਵਰਾਓ ਸਿੰਧੀਆ, 2011 ਵਿੱਚ ਅਰੁਣਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦੋਰਜੀ ਖਾਂਡੂ, 2021 ਵਿੱਚ ਤਤਕਾਲੀ ਸੀਡੀਐਸ ਜਨਰਲ ਬਿਪਿਨ ਰਾਵਤ ਅਤੇ 2025 ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਸ਼ਾਮਲ ਹਨ। ਕਿਹਾ ਜਾ ਰਿਹਾ ਹੈ ਕਿ ਅਜੀਤ ਪਵਾਰ ਦੇ ਜਹਾਜ਼ ਦੇ ਕਰੈਸ਼ ਹੋਣ ਤੋਂ ਪਹਿਲਾਂ, ਹਵਾਈ ਆਵਾਜਾਈ ਕੰਟਰੋਲ ਨੇ ਪਾਇਲਟ ਤੋਂ ਪੁੱਛਿਆ ਕਿ ਕੀ ਰਨਵੇਅ ਦਿਖਾਈ ਦੇ ਰਿਹਾ ਹੈ, ਜਿਸਦਾ ਜਵਾਬ ਨਹੀਂ ਸੀ। ਫਿਰ ਜਹਾਜ਼ ਅਸਮਾਨ ਵਿੱਚ ਚੱਕਰ ਲਗਾਉਂਦਾ ਹੈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਹਵਾਈ ਅੱਡੇ 'ਤੇ ਹਾਲਾਤ ਲੈਂਡਿੰਗ ਲਈ ਅਨੁਕੂਲ ਨਹੀਂ ਸਨ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਦੂਜੀ ਵਾਰ ਪੁੱਛੇ ਜਾਣ 'ਤੇ ਪਾਇਲਟ ਨੇ ਹਾਂ ਵਿੱਚ ਜਵਾਬ ਦਿੱਤਾ। ਪਰ ਸਵਾਲ ਇਹ ਹੈ ਕਿ ਕੀ ਕਿਸੇ ਵੀ ਜੋਖਮ ਦੀ ਸੰਭਾਵਨਾ ਦੇ ਵਿਚਕਾਰ ਜਹਾਜ਼ ਨੂੰ ਲੈਂਡ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ? ਅਜੀਤ ਪਵਾਰ ਨੇ ਕਾਂਗਰਸ, ਸ਼ਿਵ ਸੈਨਾ ਅਤੇ ਭਾਜਪਾ ਦੀ ਅਗਵਾਈ ਵਾਲੀਆਂ ਕਈ ਸਰਕਾਰਾਂ ਅਧੀਨ ਮਹਾਰਾਸ਼ਟਰ ਵਿੱਚ ਉਪ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨਸੀਪੀ) ਦੇ ਸੰਸਥਾਪਕ ਸ਼ਰਦ ਪਵਾਰ ਦੇ ਪਰਛਾਵੇਂ ਤੋਂ ਬਾਹਰ ਨਿਕਲ ਕੇ, ਉਸਨੇ ਜੁਲਾਈ 2023 ਵਿੱਚ ਪਾਰਟੀ ਦੇ ਨਾਮ ਅਤੇ ਚਿੰਨ੍ਹ ਦੇ ਨਾਲ-ਨਾਲ ਪਾਰਟੀ ਦੇ ਜ਼ਿਆਦਾਤਰ ਵਿਧਾਇਕਾਂ ਨੂੰ ਜਿੱਤ ਲਿਆ। ਬਾਅਦ ਵਿੱਚ ਉਹ ਐਨਡੀਏ ਦੀ ਅਗਵਾਈ ਵਾਲੀ ਮਹਾਯੁਤੀ (ਮਹਾਗਠਜੋੜ) ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੀ ਅਗਵਾਈ ਵਾਲੀ ਐਨਸੀਪੀ ਨੇ ਸ਼ਰਦ ਪਵਾਰ ਦੀ ਅਗਵਾਈ ਵਾਲੀ ਪਾਰਟੀ ਨਾਲ ਗੱਠਜੋੜ ਕਰਕੇ ਪੁਣੇ ਅਤੇ ਪਿੰਪਰੀ ਚਿੰਚਵਾੜ ਵਿੱਚ ਹਾਲ ਹੀ ਵਿੱਚ ਹੋਈਆਂ ਨਗਰ ਨਿਗਮ ਚੋਣਾਂ ਲੜੀਆਂ। ਇਸ ਤੋਂ ਬਾਅਦ, ਅਜੀਤ ਪਵਾਰ ਅਤੇ ਸ਼ਰਦ ਪਵਾਰ ਵਿਚਕਾਰ ਵਧਦੀ ਨੇੜਤਾ ਬਾਰੇ ਅਟਕਲਾਂ ਰਾਜਨੀਤਿਕ ਹਲਕਿਆਂ ਵਿੱਚ ਜ਼ੋਰ ਫੜ ਗਈਆਂ। ਵਿਰੋਧੀ ਪਾਰਟੀਆਂ ਹਾਦਸੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕਰ ਰਹੀਆਂ ਹਨ। ਹਾਲਾਂਕਿ, ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਇਸ ਜਹਾਜ਼ ਹਾਦਸੇ ਦੀ ਨਿਰਪੱਖ ਅਤੇ ਪੂਰੀ ਤਰ੍ਹਾਂ ਜਾਂਚ ਕੀਤੀ ਜਾਵੇ ਤਾਂ ਜੋ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਸਰਕਾਰੀ ਮਸ਼ੀਨਰੀ ਨੂੰ ਅਜਿਹੇ ਹਾਦਸਿਆਂ ਤੋਂ ਵੀ ਸਿੱਖਣਾ ਚਾਹੀਦਾ ਹੈ ਅਤੇ ਭਵਿੱਖ ਵਿੱਚ ਹੋਣ ਵਾਲੇ ਜਹਾਜ਼ ਹਾਦਸਿਆਂ ਨੂੰ ਰੋਕਣ ਲਈ ਜ਼ਰੂਰੀ ਪ੍ਰਣਾਲੀਗਤ ਸੁਧਾਰ ਕਰਨੇ ਚਾਹੀਦੇ ਹਨ।

**-ਜਗਜੀਤ ਸਿੰਘ ਦਰਦੀ**

# ਸੱਚੀਂ ਮਾਸੂਮਾਂ ਦਾ ਖ਼ੂਨ ਡੋਲ ਕੇ ਬਣਦੀਆਂ ਸਰਕਾਰਾਂ!



ਕਮਲਜੀਤ ਸਿੰਘ ਬਨਵੈਤ
98147 34035

- ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੀ ਇੰਟਰਵਿਊ ਨੇ ਖੜ੍ਹਾ ਕੀਤਾ ਨਵਾਂ ਵਿਵਾਦ
- ਮੁੱਖ ਮੰਤਰੀ ਹੁੰਦਿਆਂ ਭੱਠਲ ਨੇ ਕਿਉਂ ਨਹੀਂ ਕੀਤੀ ਪੁੱਠੀ ਮੱਤ ਦੇਣ ਵਾਲੇ ਅਫਸਰਾਂ ਖ਼ਿਲਾਫ਼ ਕਾਰਵਾਈ
- ਚੰਡੀਗੜ੍ਹ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਅਦਾਰਿਆਂ ਨੂੰ ਬੰਬ ਨਾਲ ਉਡਾਉਣ ਦੀਆਂ ਮਿਲੀਆਂ 81 ਮੇਲਾਂ
- ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੂਬੇ ਦੇ ਪੁਲਿਸ ਮੁਖੀ ਦੀ ਲਗਾਈ ਕਲਾਸ

ਇਹ ਤਾਂ ਸੁਣਿਆ ਸੀ ਕਿ ਸਿਆਸਤਦਾਨ ਇੱਕ ਦੂਜੇ ਦੇ ਉੱਪਰੋਂ ਲੰਘ ਕੇ ਰਾਜਨੀਤੀ ਕਰਦੇ ਹਨ ਪਰ ਇਹ ਪਹਿਲੀ ਵਾਰ ਸੁਣਿਆ ਹੈ ਕਿ ਸਰਕਾਰਾਂ ਬਣਾਉਣ ਲਈ ਮਾਸੂਮ ਲੋਕਾਂ ਦਾ ਖ਼ੂਨ ਡੋਲਿਆ ਜਾਂਦਾ ਹੈ। ਸੁਣਨ ਨੂੰ ਚਾਹੇ ਇਹ ਸੱਚ ਨਾ ਲੱਗੇ ਪਰ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੀ ਇੱਕ ਇੰਟਰਵਿਊ ਜਿਹੜੀ ਮੀਡੀਆ ਵਿੱਚ ਘੁੰਮ ਰਹੀ ਹੈ, ਵੀਡੀਉ ਵਿਚਲੀਆਂ ਗੱਲਾਂ ਇਹੋ ਕਹਿੰਦੀਆਂ ਲੱਗਦੀਆਂ ਹਨ। ਬੀਬੀ ਰਜਿੰਦਰ ਕੌਰ ਭੱਠਲ ਨਵੰਬਰ 1996 ਤੋਂ ਫਰਵਰੀ 1997 ਤੱਕ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਉਸ ਤੋਂ ਬਾਅਦ ਉਹਨਾਂ ਨੂੰ 2004 ਤੋਂ 2007 ਤੱਕ ਪੰਜਾਬ ਦੀ ਡਿਪਟੀ ਮੁੱਖ ਮੰਤਰੀ ਬਣਨ ਦਾ ਮੌਕਾ ਵੀ ਮਿਲਿਆ ਸੀ। ਉਹ ਪਹਿਲੀ ਮਹਿਲਾ ਹੈ, ਜਿਸ ਨੂੰ ਪੰਜਾਬ ਦੀ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹ ਆਪਣੀ ਇੰਟਰਵਿਊ ਵਿੱਚ ਕਹਿੰਦੇ ਹਨ ਕਿ ਜਦੋਂ ਉਹ 97 ਤੱਕ ਮੁੱਖ ਮੰਤਰੀ ਰਹੇ ਸਨ ਤਾਂ ਉਹਨਾਂ ਕੋਲ ਕਈ ਕੁਝ ਅਫ਼ਸਰਾਂ ਨੇ ਆ ਕੇ ਦੁਬਾਰਾ ਸਰਕਾਰ ਬਣਾਉਣ ਦਾ ਗੁਰ ਦੱਸਿਆ ਸੀ। ਉਹਨਾਂ ਅਫਸਰਾਂ ਦਾ ਕਹਿਣਾ ਸੀ ਕਿ ਮੁੜ ਤੋਂ ਸਰਕਾਰ ਬਣਾਉਣ ਲਈ ਮਾਸੂਮਾਂ ਦਾ ਖ਼ੂਨ ਡੋਲਿਆ ਜਾਵੇ। ਰੇਲ ਗੱਡੀਆਂ, ਬੱਸਾਂ ਅਤੇ ਬਾਜ਼ਾਰਾਂ ਵਿੱਚ ਬੰਬ ਧਮਾਕੇ ਕਰਾਏ ਜਾਣ। ਉਹ ਇਹ ਵੀ ਕਹਿੰਦੇ ਹਨ ਕਿ ਉਹਨਾਂ ਨੇ ਸਾਫ਼ ਕਿਹਾ ਸੀ ਕਿ ਉਹ ਉਸ ਪਰਿਵਾਰ ਦੀ ਧੀ ਹੈ, ਜਿਸ ਨੇ ਲੋਕਾਂ ਦੀਆਂ ਲਾਸ਼ਾਂ ਤੋਂ ਦੀ ਤੁਰ ਕੇ ਸਰਕਾਰ ਨਹੀਂ ਬਣਾਈ ਸਗੋਂ ਜਾਨਾਂ ਬਚਾਈਆਂ ਹਨ।

ਬੀਬੀ ਰਜਿੰਦਰ ਕੌਰ ਭੱਠਲ ਦੀ ਇਹ ਇੰਟਰਵਿਊ ਜੇ ਸੱਚੀ ਹੈ ਤਾਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਪਹਿਲਾ ਸਵਾਲ ਤਾਂ ਇਹ ਕਿ ਉਹਨਾਂ ਨੇ ਏਡਾ ਕੌੜਾ ਸੱਚ ਹੁਣ ਤੱਕ ਲਕੋਅ ਕੇ ਕਿਉਂ ਰੱਖਿਆ? ਉਸ ਵੇਲੇ ਵੀ ਉਹ ਕੇਅਰਟੇਕਰ ਮੁੱਖ ਮੰਤਰੀ ਸਨ ਉਨ੍ਹਾਂ ਨੇ ਅਜਿਹੇ ਅਫਸਰਾਂ ਦੇ ਖਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਇਸ ਤੋਂ ਵੀ ਅੱਗੇ ਚਲੇ ਜਾਈਏ ਤਾਂ ਉਸ ਵੇਲੇ ਕੇਂਦਰ ਵਿੱਚ ਵੀ ਕਾਂਗਰਸ ਦੀ ਸਰਕਾਰ ਸੀ। ਮਾਸੂਮਾਂ ਦੇ ਖ਼ੂਨ ਨਾਲ ਹੋਲੀ ਖੇਡਣ ਵਾਲਿਆਂ ਨਾਲ ਉਹ ਦੋ ਪਾਸੇ ਤੋਂ ਸਿੱਝ ਸਕਦੇ ਸਨ। ਬੀਬੀ ਭੱਠਲ ਨੂੰ ਹਾਲੇ ਵੀ ਅਜਿਹੇ ਅਫਸਰਾਂ ਦੇ ਨਾਂ ਸਾਹਮਣੇ ਲਿਆਉਣ ਦੀ ਲੋੜ ਹੈ ਤਾਂ ਜੋ ਲੋਕ ਲਾਸ਼ਾਂ ਤੋਂ ਉੱਤੋਂ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਲੋਕ ਲਾਹਨਤਾਂ ਹੀ ਨਾ ਪਾਉਣ ਸਗੋਂ ਦੁਰਕਾਰਨ ਵੀ ਲੱਗ ਪੈਣ।

ਬੀਬੀ ਭੱਠਲ ਦੀ ਇੰਟਰਵਿਊ ਨੂੰ ਸੱਚ ਮੰਨ ਲਈਏ ਤਾਂ ਇੱਕ ਹੋਰ ਸਵਾਲ ਸਾਹਮਣੇ ਆ ਕੇ ਚਿੜਾਉਣ ਲੱਗਦਾ ਹੈ। ਕੀ ਪਿਛਲੇ ਸਮੇਂ ਦੌਰਾਨ ਪੰਜਾਬੀਆਂ ਨੇ ਇੱਕ ਤੋਂ ਵੱਧ ਵਾਰ ਜਦੋਂ ਵੀ ਪੰਜਾਬ ਦੀ ਧਰਤੀ ਨੂੰ ਖ਼ੂਨ ਨਾਲ ਲਿੱਬੜਿਆ ਦੇਖਿਆ ਹੈ। ਕੀ ਇਹ ਸਿਆਸਤਦਾਨਾਂ ਦੀ ਮਾੜੀ ਕਰਤੂਤ ਸੀ। ਜੇ ਅਜਿਹਾ ਹੋਇਆ ਤਾਂ ਲੱਖ ਲਾਹਨਤ ਅਜਿਹੀ ਰਾਜਨੀਤੀ ਦੇ। ਸਿਆਸਤਦਾਨਾਂ ਨੂੰ ਕੀਤੀ ਦਾ ਭਰਨਾ ਤਾਂ ਪੈਣਾ ਹੀ ਪੈਣਾ ਇੱਥੇ ਨਹੀਂ ਤਾਂ ਉੱਪਰ ਵਾਲੇ ਦੀ ਕਚਹਿਰੀ ਵਿੱਚ ਸਹੀ।

ਇੱਕ ਹੋਰ ਤਿੱਖਾ ਸਵਾਲ ਜਿਹੜਾ ਵਾਰ ਵਾਰ ਆ ਘੇਰਦਾ ਹੈ, ਉਹ ਇਹ ਕਿ ਪੰਜਾਬ ਵਿੱਚ ਅੱਜ ਵੀ ਆਏ ਦਿਨ ਖ਼ੂਨ ਡੁੱਲਣ ਲੱਗਾ ਹੈ। ਬਾਜ਼ਾਰਾਂ ਵਿੱਚ ਗੋਲੀਆਂ ਚੱਲਦੀਆਂ ਹਨ। ਘਰਾਂ ਵਿੱਚ ਨਿਸ਼ਾਨੇ ਬਣਾਏ ਜਾ ਰਹੇ। ਐਸ ਐਸ ਪੀ ਅਤੇ ਡੀ ਸੀ ਦੇ ਦਫਤਰਾਂ ਵਿੱਚੋਂ ਤਾੜ-ਤਾੜ ਦੀ ਆਵਾਜ਼ ਕੰਨੀ ਪੈਣ ਲੱਗੀ ਹੈ। ਦੁਕਾਨਾਂ ਅੰਦਰ ਜਾ ਕੇ ਵਿੰਨਿਆ ਜਾਣ ਲੱਗਾ ਹੈ। ਪੁਲਿਸ ਮੁਕਾਬਲੇ ਬਣਨ ਲੱਗੇ ਹਨ, ਰੱਬ ਜਾਣੇ ਝੂਠੇ ਜਾਂ ਸੱਚੇ। ਸ਼ੂਟਰ ਫੜੇ ਨਹੀਂ ਜਾਂਦੇ ਤਾਂ ਬਾਅਦ ਵਿੱਚ ਲੱਤਾਂ ਵਿੱਚ ਗੋਲੀਆਂ ਮਾਰ ਕੇ ਸੁੱਟ ਲਿਆ ਜਾਂਦਾ ਹੈ। ਸਰਕਾਰੀ ਕਰਤੂਤਾਂ ਇਹ ਨਵੀਆਂ ਨਹੀਂ ਹਨ। ਅਸੀਂ ਤਾਂ ਛੋਟੇ ਹੁੰਦਿਆਂ ਤੋਂ ਇਹੋ ਕੁਝ ਦੇਖਿਆ, ਸੁਣਿਆ ਅਤੇ ਹੰਢਾਇਆ ਹੈ। ਸਰਕਾਰਾਂ ਬਦਲੀਆਂ ਪਰ ਨੀਅਤ ਨਹੀਂ ਅਤੇ ਨਾ ਹੀ ਨੀਤੀਆਂ ਵਿੱਚ ਬਦਲਾਅ ਦੇਖਿਆ ਹੈ।

ਦੂਰ ਨਾ ਜਾਈਏ ਤਾਂ ਹਾਲੇ ਕੱਲ ਦੀ ਗੱਲ ਹੈ ਕਿ ਮੋਹਾਲੀ ਦੇ ਐਸ ਐਸ ਪੀ / ਡਿਪਟੀ ਕਮਿਸ਼ਨਰ ਕੰਪਲੈਕਸ ਵਿੱਚ ਪੁਲਿਸ ਦੀ ਛੱਤਰੀ ਹੇਠ ਇੱਕ ਨੌਜਵਾਨ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਹਾਲੇ ਮੋਹਾਲੀ ਦੇ ਸੈਕਟਰ 79 ਵਿੱਚਲਾ ਕਬੱਡੀ ਖਿਡਾਰੀ ਰਾਣਾ ਬਲਾਚੌਰੀਆ ਦੇ ਕਤਲ ਦੀ ਚੀਸ ਹਾਲੇ ਮੱਠੀ ਨਹੀਂ ਪਈ ਹੈ। ਰਾਣਾ ਬਲਾਚੌਰੀਆ ਦੇ ਨਾਲ ਹੀ ਆਮ ਆਦਮੀ ਪਾਰਟੀ ਦਾ ਉਹ ਸਰਪੰਚ ਵੀ ਅੱਗੇ ਖੜ੍ਹਦਾ ਹੈ, ਜਿਸ ਦੇ ਸਿਰ ਵਿੱਚ ਵਿਆਹ ਦੀ ਰਿਸੈਪਸ਼ਨ ਦੌਰਾਨ ਭਰੇ ਪੰਡਾਲ ਵਿੱਚ ਗੋਲੀਆਂ ਮਾਰ ਕੇ ਢੇਰੀ ਕਰ ਦਿੱਤਾ ਗਿਆ ਸੀ।

ਪੰਜਾਬ ਸਰਕਾਰ ਨਸ਼ਿਆਂ ਦੇ ਵੱਗਦੇ ਛੇਵੇਂ ਦਰਿਆ ਨੂੰ ਬੰਨ ਮਾਰਨ ਤੋਂ ਬਾਅਦ ਹੁਣ ਗੈਂਗਸਟਰਾਂ ਦਾ ਖ਼ਾਤਮਾ ਕਰਨ ਦਾ ਦਾਅਵਾ ਕਰ ਰਹੀ ਹੈ। ਸੱਚ ਕਹੀਏ ਤਾਂ ਇਹ ਕਿ ਜੇ ਗੈਂਗਸਟਰ ਖ਼ਤਮ ਹੋ ਗਏ ਹੁੰਦੇ ਤਦ ਪੁਲਿਸ ਨੂੰ 72 ਘੰਟੇ ਦਾ ਪਰਹਾਰ ਆਪਰੇਸ਼ਨ ਚਲਾਉਣ ਦੀ ਲੋੜ ਨਹੀਂ ਸੀ ਪੈਣੀ। ਕੱਲ ਦੀ ਘਟਨਾ ਨੂੰ ਗੈਂਗਸਟਰਾਂ ਦੀ ਆਪਸੀ ਦੁਸ਼ਮਣੀ ਨਾਲ ਜੋੜ ਕੇ ਦੇਖਣਾ ਪਵੇਗਾ। ਪੰਜਾਬ ਯੂਨੀਵਰਸਿਟੀ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਪ੍ਰਧਾਨ ਰਹੇ ਗੁਰਲਾਲ ਬਰਾੜ ਦਾ ਛੇ ਸਾਲ ਪਹਿਲਾਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਦੱਸਦੇ ਹਨ ਕਿ ਜਿਸ ਨੌਜਵਾਨ ਨੂੰ ਕੱਲ ਨਿਸ਼ਾਨਾ ਬਣਾਇਆ ਗਿਆ ਹੈ ਉਹ ਗੁਰਲਾਲ ਬਰਾੜ ਉੱਤੇ ਹਮਲਾ ਕਰਨ ਵਾਲਿਆਂ ਵਿੱਚ ਸ਼ਾਮਿਲ ਸੀ। ਦੱਸਿਆ ਤਾਂ ਇਹ ਵੀ ਜਾਂਦਾ ਹੈ ਕਿ ਗੁਰਲਾਲ ਬਰਾੜ ਅਤੇ ਗੋਲਡੀ ਬਰਾੜ ਆਪਸ ਵਿੱਚ ਰਿਸ਼ਤੇਦਾਰ ਹਨ। ਘਟਨਾ ਚਿੱਟੇ ਦਿਨ ਨੂੰ ਸੂਬੇ ਦੀ ਸਭ ਤੋਂ ਸੁਰੱਖਿਅਤ ਮੰਨੇ ਜਾਂਦੇ ਮਿੰਨੀ ਸਕੱਤਰੇਤ ਵਿੱਚ ਵਾਪਰੀ। ਸ਼ੁਕਰ ਰੱਬ ਦਾ ਕਿ ਮ੍ਰਿਤਕ ਦੀ ਪਤਨੀ ਵਾਲ ਵਾਲ ਬਚ ਗਈ। ਕੱਲ ਦੀ ਹੀ ਗੱਲ ਹੈ ਕਿ ਡੇਰਾ ਬਾਬਾ ਨਾਨਕ ਵਿੱਚ ਇੱਕ ਕੈਮਿਸਟ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਇਹ ਕੈਮਿਸਟ ਗੈਂਗਸਟਰਾਂ ਦੇ ਨਿਸ਼ਾਨੇ ਉੱਤੇ ਸੀ। ਇਸ ਤੋਂ 50 ਲੱਖ ਦੀ ਫਿਰੌਤੀ ਮੰਗੀ ਜਾ ਰਹੀ ਸੀ। ਪਹਿਲੀ ਵਾਰ ਹਮਲਾ ਹੋਣ ਤੋਂ ਬਾਅਦ ਉਸ ਨੂੰ ਸੁਰੱਖਿਆ ਦੇ ਦਿੱਤੀ ਗਈ। ਸੁਰੱਖਿਆ ਵਾਪਸ ਲੈਣ ਤੋਂ ਬਾਅਦ ਹੀ ਉਸ ਉੱਤੇ ਦੁਬਾਰਾ ਤੋਂ ਹਮਲਾ ਕਰ ਦਿੱਤਾ ਗਿਆ। ਹੋਰ ਵੀ ਕਈ ਥਾਂ ਗੋਲੀਆਂ ਦੀ ਤਾੜ ਤਾੜ ਸੁਣੀ ਗਈ ਹੈ। ਕੀ ਅਸੀਂ ਇਹਨਾਂ ਹਾਲਾਤਾਂ ਨੂੰ ਬੀਬੀ ਭੱਠਲ ਦੀ ਇੰਟਰਵਿਊ ਨਾਲ ਜੋੜ ਕੇ ਦੇਖਣ ਦੀ ਗੁਸਤਾਖ਼ੀ/ਭੁੱਲ ਕਰ ਲਈਏ! ਕੀ ਸੱਚਮੁੱਚ ਹੀ ਸਾਡੇ ਸਿਆਸਤਦਾਨ ਇੰਨੇ ਨਿਰਦਈ ਹੋ ਗਏ ਜਾਂ ਪੰਜਾਬ ਪੁਲਿਸ ਦੇ ਕੁਝ ਹੱਥ ਵੱਸ ਨਹੀਂ ਰਿਹਾ ਹੈ। ਜਾਂ ਇਹ ਕਹਿ ਲਈਏ ਕਿ ਸਾਰਾ ਕੁਝ ਪੁਲਿਸ ਅਤੇ ਸਿਆਸਤਦਾਨਾਂ ਦੇ ਗੱਠਜੋੜ ਦੇ ਸਾਏ ਹੇਠ ਚੱਲ ਰਿਹਾ ਹੈ।

ਇਸੇ ਦਿਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੂਬੇ ਦੇ ਕਾਰਜਕਾਰੀ ਡੀਜੀਪੀ ਗੌਰਵ ਯਾਦਵ ਦੀ ਪੇਸ਼ੀ ਪੈਂਦੀ ਹੈ। ਹਾਈਕੋਰਟ ਪੰਜਾਬ ਅੰਦਰ ਨਿੱਤ ਡੁੱਲ ਰਹੇ ਖ਼ੂਨ ਨੂੰ ਲੈ ਕੇ ਡੀਜੀਪੀ ਦੀ ਖਿਚਾਈ ਕਰਦੀ ਹੈ। ਉੱਚ ਅਦਾਲਤ ਵਿੱਚ ਡੀਜੀਪੀ ਆਪਣੇ ਲਾਮ ਲਸ਼ਕਰ ਨਾਲ ਪੇਸ਼ ਹੁੰਦੇ ਹਨ ਪਰ ਜਵਾਬ ਦੇਣ ਲਈ ਉਹਨਾਂ ਕੋਲੇ ਕੁਝ ਵੀ ਨਹੀਂ ਹੈ। ਡੀਜੀਪੀ ਸਿਰਫ਼ ਅਦਾਲਤ ਨੂੰ ਇੰਨਾ ਹੀ ਦੱਸ ਸਕੇ ਕਿ ਸੂਬੇ ਵਿੱਚ ਪੁਲਿਸ ਦੀ ਨਫ਼ਰੀ 88 ਹਜ਼ਾਰ ਦੀ ਹੈ। ਵੀਆਈਪੀ ਅਤੇ ਪ੍ਰਾਈਵੇਟ ਸਿਕਿਉਰਟੀ ਵਿੱਚ ਕਿੰਨੇ ਮੁਲਾਜ਼ਮ ਝੋਕੇ ਗਏ ਹਨ, ਉਹਨਾਂ ਕੋਲ ਅੰਕੜੇ ਨਹੀਂ ਸਨ। ਅਦਾਲਤ ਨੇ ਅਗਲੀ ਪੇਸ਼ੀ ਵੇਲੇ ਹਲਫੀਆ ਬਿਆਨ ਰਾਹੀਂ ਜਾਣਕਾਰੀ ਮੰਗ ਲਈ ਹੈ। ਅਦਾਲਤ ਡੀਜੀਪੀ ਤੋਂ ਪੁਲਿਸ ਥਾਣੇ ਵਿੱਚੋਂ ਲਾਰੈਂਸ ਬਿਸ਼ਨੋਈ ਨਾਲ ਕਰਵਾਈ ਮੀਡੀਆ ਇੰਟਰਵਿਊ ਤੋਂ ਲੈ ਕੇ ਰਾਣਾ ਬਲਾਚੌਰੀਆ ਤੱਕ ਪੁਲਿਸ ਦੀ ਕਾਰਗੁਜ਼ਾਰੀ ਪੁੱਛਦੀ ਹੈ ਪਰ ਜਵਾਬ ਵਿੱਚ ਕੋਈ ਦਲੀਲ ਨਹੀਂ ਹੈ। ਜਦੋਂ ਡੀਜੀਪੀ ਇਹ ਕਹਿੰਦੇ ਹਨ ਕਿ ਗੈਂਗਸਟਰਾਂ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਮੁਹਿੰਮ ਛੇੜੀ ਗਈ ਹੈ ਤਾਂ ਅਦਾਲਤ ਨੂੰ ਪੁਲਿਸ ਦੀ ਦੇਰੀ ਰੜਕਦੀ ਹੈ।

ਚੰਡੀਗੜ੍ਹ ਦੇ 30 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ 28 ਜਨਵਰੀ ਨੂੰ ਮਿਲੀ ਧਮਕੀ ਅਤੇ ਅੱਜ ਸਕੱਤਰੇਤ ਵਿੱਚ ਬੰਬ ਹੋਣ ਦੀ ਖ਼ਬਰ ਨੇ ਹੋਸ਼ ਉਡਾ ਦਿੱਤੇ ਹਨ। ਸੋਚਦਾ ਹਾਂ ਮਾਸੂਮ ਬੱਚਿਆਂ ਨਲ ਕਾਹਦਾ ਵੈਰ ਹੋਇਆ। ਅਸੀਂ ਬੱਚਿਆਂ ਨੂੰ ਕੀ ਪਰੋਸਣ ਲੱਗੇ ਹੋਏ ਹਾਂ। ਦੋ ਦਿਨ ਪਹਿਲਾਂ ਪੰਜਾਬ ਦੇ ਇੱਕ ਪਿੰਡ ਦੇ ਇੱਕ ਸਰਕਾਰੀ ਸਕੂਲ ਵਿੱਚ ਸੱਤਵੀਂ ਵਿੱਚ ਪੜ੍ਹਦਾ ਬੱਚਾ ਘਰ ਦੀ ਟੈਂਕੀ ਉੱਤੇ ਇਸ ਕਰਕੇ ਜਾ ਚੜਦਾ ਹੈ ਕਿ ਉਸ ਨੂੰ ਬਾਪੂ ਨੇ ਮੋਬਾਇਲ ਲੈ ਕੇ ਦੇਣ ਤੋਂ ਨਾਂਹ ਕਰ ਦਿੱਤੀ ਸੀ। ਬੱਚੇ ਨੇ ਵਿਖਾਵਾਕਾਰੀਆਂ ਨੂੰ ਟੈਂਕੀ ਟੈਂਕੀ 'ਤੇ ਚੜ੍ਹ ਜਾਂਦੇ ਦੇਖ ਕੇ ਇਹੋ ਸਿੱਖਿਆ ਹੋਣੈ। ਭਲਾ ਦੱਸੋ ਖ਼ਾਂ ਜੇ ਬੱਚਿਆਂ ਨੇ ਭਲਕ ਨੂੰ ਹੱਥ ਵਿੱਚ ਬੰਦੂਕਾਂ ਫੜ ਲਈਆਂ ਤਾਂ ਆਪਾਂ ਕਿੱਧਰ ਰਹਾਂਗੇ। ਰੱਬ ਭਲੀ ਕਰੇ।

ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵੇਲੇ ਪੰਜਾਬੀਆਂ ਨੇ ਦੋਵੇਂ ਰਵਾਇਤੀ ਪਾਰਟੀਆਂ ਨੂੰ ਰੱਦ ਕਰਕੇ ਬਦਲਾਅ ਦਾ ਸੁਪਨਾ ਦੇਖਿਆ ਸੀ। ਹੁਣ ਸੁਪਨਾ ਟੁੱਟਣ ਲੱਗਾ ਹੈ ਤਾਂ ਪੰਜਾਬ ਮੁੜ ਉਬੜਵਾਹੇ ਉੱਠ ਖੜ੍ਹਾ ਹੋਇਆ ਹੈ। ਪੰਜਾਬ ਨੇ ਬਦਲਾਅ ਸ਼ਾਇਦ ਸੁਪਨੇ ਵਿੱਚ ਦੇਖਿਆ ਸੀ, ਹੁਣ ਜਾਗ ਖੁੱਲੀ ਤਾਂ ਅੱਖਾਂ ਮੂਹਰੇ ਖ਼ੂਨ ਨਾਲ ਲੱਥ ਪੱਥ ਮਨੁੱਖ ਆ ਖੜ੍ਹਿਆ ਹੈ। ਪੰਜਾਬ ਦੀ ਇੱਕ ਖ਼ਾਸੀਅਤ ਹੈ ਇਸ ਨੂੰ ਡੇਗਣਾ ਵੀ ਸੌਖਾ ਨਹੀਂ। ਇਹ ਡਿੱਗ ਪਵੇ ਤਾਂ ਦੁਬਾਰਾ ਤੋਂ ਉੱਠਦਾ ਬੜੀ ਤੇਜ਼ੀ ਨਾਲ ਹੈ। ਕੌੜਾ ਸੱਚ ਇਹ ਹੈ ਕਿ ਸਰਕਾਰਾਂ ਨੇ ਪੰਜਾਬ ਨੂੰ ਰੱਬ ਭਰੋਸੇ ਛੱਡ ਰੱਖਿਆ ਹੈ।

# ਅੱਜ ਗਾਂਧੀ ਜ਼ਿਆਦਾ ਪ੍ਰਸੰਗਿਕ ਹੋ ਗਏ ਹਨ!

## ਬਦਲਦੇ ਸਮਾਜ ਵਿਚ ਵਧਦੀ ਨਫ਼ਰਤ ਦੇ ਦੌਰ ਵਿੱਚ ਅਹਿੰਸਾ ਦੀ ਸਭ ਤੋਂ ਵੱਡੀ ਲੋੜ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਗਾਂਧੀ ਦੇਸ਼ ਲਈ ਜ਼ਿਆਦਾ ਪ੍ਰਸੰਗਿਕ ਹੋ ਗਏ ਹਨ ਤੇ ਉਹਨਾਂ ਦੀ ਵਿਚਾਰਧਾਰਾ ਬਦਲੇ ਰੂਪ ਵਿੱਚ ਵੀ ਲੋਕਾਂ ਨੂੰ ਨਵਾਂ ਰਸਤਾ ਦੇ ਸਕਦੀ ਹੈ। ਅੱਜ ਦੀ ਬਹਿਸ ਕਿਸੇ ਇਕ ਧਰਮ ਜਾਂ ਕਿਸੇ ਇਕ ਸਿਆਸੀ ਵਿਚਾਰ ਦੀ ਨਹੀਂ, ਅੱਜ ਦੀ ਬਹਿਸ ਉਸ ਸਮਾਜ ਦੀ ਹੈ, ਜੋ ਅੰਦਰੋਂ ਲਹੂ-ਲੁਹਾਨ ਹੋ ਰਿਹਾ ਹੈ। ਅੱਜ ਉਸ ਸਮਾਜ ਦੀ, ਜਿੱਥੇ ਗਾਂਧੀ ਦੇ ਰਾਮ, ਅੱਜ ਦੇ ਰਾਮ ਅਤੇ ਲੋਕ-ਮਾਨਸ ਦੀ ਚੇਤਨਾ ਆਪਸ ਵਿੱਚ ਟਕਰਾਅ ਰਹੀ ਹੈ।

30 ਜਨਵਰੀ 1948 ਦੀ ਉਸ ਸ਼ਾਮ ਜਦੋਂ ਗੋਲੀਆਂ ਦੀ ਆਵਾਜ਼ ਨੇ "ਹੇ ਰਾਮ" ਨੂੰ ਇਤਿਹਾਸ ਵਿੱਚ ਜੜ ਦਿੱਤਾ, ਉਸ ਪਲ ਨਾਲ ਸਿਰਫ਼ ਮਹਾਤਮਾ ਗਾਂਧੀ ਨਹੀਂ ਮਰਿਆ ਸੀ—ਭਾਰਤ ਦੀ ਅੰਤਰਆਤਮਾ ਜ਼ਖ਼ਮੀ ਹੋ ਗਈ ਸੀ। ਇਤਿਹਾਸਕਾਰ ਰਾਮ ਚੰਦਰ ਗੁਹਾ ਨੇ ਠੀਕ ਹੀ ਕਿਹਾ ਹੈ ਕਿ ਗਾਂਧੀ ਭਾਰਤ ਦੀ ਆਜ਼ਾਦੀ ਦਾ ਨਹੀਂ, ਭਾਰਤ ਦੀ ਨੈਤਿਕ ਕਲਪਨਾ ਦਾ ਪ੍ਰਤੀਕ ਸੀ।

ਅੱਜ ਸਵਾਲ ਇਹ ਹੈ ਕਿ ਕੀ ਅਸੀਂ ਅਜੇ ਵੀ ਉਸ ਨੈਤਿਕ ਕਲਪਨਾ ਨਾਲ ਜੁੜੇ ਹੋਏ ਹਾਂ?

ਗਾਂਧੀ ਦਾ ਰਾਮ।

ਧਰਮ ਨਹੀਂ, ਜ਼ਮੀਰ ਸੀ। ਗਾਂਧੀ ਦੇ ਰਾਮ ਕੋਈ ਮੂਰਤੀ ਨਹੀਂ ਸੀ।

ਉਹ ਰਾਮ ਨੈਤਿਕਤਾ, ਕਰੁਣਾ, ਸੱਚ ਅਤੇ ਮਨੁੱਖੀ ਜ਼ਮੀਰ ਦਾ ਹੋਰ ਨਾਮ ਸੀ। ਗਾਂਧੀ ਨੇ ਖੁਦ ਕਿਹਾ ਸੀ ਮੇਰਾ ਰਾਮ ਸੱਚ ਹੈ। ਉਸ ਲਈ ਧਰਮ ਰਾਜਨੀਤੀ ਦਾ ਹਥਿਆਰ ਨਹੀਂ ਰਾਜਨੀਤੀ ਦੀ ਜ਼ਮੀਰ ਸੀ।

ਪੋਰਬੰਦਰ ਤੋਂ ਲੈ ਕੇ ਦੱਖਣੀ ਅਫ਼ਰੀਕਾ ਅਤੇ ਚੰਪਾਰਨ ਤੱਕ, ਗਾਂਧੀ ਦਾ ਸਫ਼ਰ ਸੱਤਾ ਹਾਸਲ ਕਰਨ ਦਾ ਨਹੀਂ, ਮਨੁੱਖ ਨੂੰ ਮਨੁੱਖ ਬਣਾਉਣ ਦਾ ਸਫ਼ਰ ਸੀ। ਉਸ ਨੇ ਰਾਜਨੀਤੀ ਨੂੰ ਨੈਤਿਕਤਾ ਦੇ ਅਧੀਨ ਰੱਖਿਆ—ਨਾ ਕਿ ਨੈਤਿਕਤਾ ਨੂੰ ਸੱਤਾ ਦੇਣ ਅਤੇ ਅੱਜ ਦਾ ਰਾਮ ਅਤੇ ਬਦਲੇ ਅਰਥਾਂ ਵਿਚ ਹੀ ਹੈ।

ਪਰ 2026 ਦੇ ਭਾਰਤ ਵਿੱਚ "ਰਾਮ" ਦੇ ਅਰਥ ਬਦਲ ਗਏ ਹਨ। ਹੁਣ ਰਾਮ ਅੰਦਰ ਦੀ ਆਵਾਜ਼ ਨਹੀਂ, ਬਾਹਰ ਦਾ ਸ਼ੋਰ ਬਣ ਗਿਆ ਹੈ। ਹੁਣ ਰਾਮ ਕਰੁਣਾ ਨਹੀਂ, ਤਾਕਤ ਦਾ ਪ੍ਰਦਰਸ਼ਨ ਹੈ। ਹੁਣ ਰਾਮ ਸਵਾਲ ਨਹੀਂ ਪੁੱਛਦਾ—ਭੀੜ ਤਿਆਰ ਕਰਦਾ ਹੈ। ਗਾਂਧੀ ਦਾ "ਹੇ ਰਾਮ" ਇਕ ਅੰਤਿਮ ਪ੍ਰਾਰਥਨਾ ਸੀ। ਅੱਜ ਦਾ "ਰਾਮ" ਅਕਸਰ ਦੂਜੇ ਨੂੰ ਚੁੱਪ ਕਰਵਾਉਣ ਦਾ ਹਥਿਆਰ ਬਣ ਜਾਂਦਾ ਹੈ।

ਇਸ ਬਦਲਾਅ ਵਿੱਚ ਸਿਰਫ਼ ਰਾਮ ਨਹੀਂ ਬਦਲਿਆ—ਅਸੀਂ ਬਦਲੇ ਹਾਂ। ਅੱਜ ਨਫ਼ਰਤ ਇੱਕ ਨੀਤੀ ਵਜੋਂ ਪੇਸ਼ ਹੈ।

ਅੱਜ ਨਫ਼ਰਤ ਕੋਈ ਅਚਾਨਕ ਉਭਰਦੀ ਭਾਵਨਾ ਨਹੀਂ ਰਹੀ।



ਉਹ ਟੀਵੀ ਡਿਬੇਟਾਂ, ਸੋਸ਼ਲ ਮੀਡੀਆ ਐਲਗੋਰਿਥਮਾਂ ਅਤੇ ਸਿਆਸੀ ਬੋਲੀਆਂ ਰਾਹੀਂ ਇਕ ਸਿਸਟਮ ਬਣ ਚੁੱਕੀ ਹੈ।

ਸਮਾਜ ਸ਼ਾਸਤਰੀ ਏਰਿਕ ਫਰੋਮ ਨੇ ਲਿਖਿਆ ਸੀ ਕਿ ਡਰਿਆ ਹੋਇਆ ਮਨੁੱਖ ਆਜ਼ਾਦੀ ਨਹੀਂ, ਤਾਕਤ ਦਾ ਸਹਾਰਾ ਲੈਂਦਾ ਹੈ। ਅੱਜ ਇਹ ਗੱਲ ਸਾਡੇ ਸਮੇਂ 'ਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ।

ਅਹਿੰਸਾ ਕਮਜ਼ੋਰੀ ਨਹੀਂ, ਸਭ ਤੋਂ ਵੱਡੀ ਹਿੰਮਤ ਸਿਰੜ ਅਤੇ ਉੱਦਮ ਵਿਚ ਹੈ। ਗਾਂਧੀ ਦੀ ਅਹਿੰਸਾ ਚੁੱਪ ਰਹਿਣ ਦਾ ਨਾਮ ਨਹੀਂ ਸੀ। ਉਹ ਸਰਗਰਮ, ਸੁਚੇਤ ਅਤੇ ਨੈਤਿਕ ਵਿਰੋਧ ਸੀ।

ਚਿੰਤਕ ਹੈਨਾ ਅਰੇਂਡਟ ਨੇ ਕਿਹਾ ਸੀ— ਹਿੰਸਾ ਤਾਕਤ ਨੂੰ ਤਬਾਹ ਕਰ ਸਕਦੀ ਹੈ, ਪਰ ਉਸਦੀ ਥਾਂ ਨਹੀਂ ਲੈ ਸਕਦੀ। ਅਹਿੰਸਾ ਮਨੁੱਖ ਨੂੰ ਬਚਾਉਂਦੀ ਹੈ—ਹਿੰਸਾ ਸਿਰਫ਼ ਜਿੱਤ ਦਾ ਭਰਮ ਦਿੰਦੀ ਹੈ।

ਅੱਜ ਭੀੜ ਅਤੇ ਲੋਕਤੰਤਰ ਵਿੱਚ ਦੇਸ਼ ਅਤੇ ਸਮਾਜ ਉਲਝ ਗਿਆ ਹੈ। ਗਾਂਧੀ ਭੀੜ ਤੋਂ ਸਦਾ ਸਾਵਧਾਨ ਕਰਦੇ ਰਹੇ। ਉਹ ਜਾਣਦੇ ਸੀ ਕਿ ਭੀੜ ਸੋਚਦੀ ਨਹੀਂ, ਪ੍ਰਤੀਕਿਰਿਆ ਕਰਦੀ ਹੈ।

ਹੁਣ ਅੱਜ ਜਦੋਂ ਭੀੜ ਇਹ ਤੈਅ ਕਰਨ ਲੱਗ ਪਵੇ ਕਿ ਕੌਣ ਦੇਸ਼ ਭਗਤ ਹੈ ਅਤੇ ਕੌਣ ਨਹੀਂ, ਉੱਥੇ ਲੋਕਤੰਤਰ ਸਿਰਫ਼ ਇਕ ਨਾਅਰਾ ਬਣ ਕੇ ਰਹਿ ਜਾਂਦਾ ਹੈ। ਗਾਂਧੀ ਯਾਦ ਦਿਵਾਉਂਦੇ ਹਨ—

ਦੇਸ਼ ਭੀੜ ਨਹੀਂ, ਮਨੁੱਖ ਹੁੰਦੇ ਹਨ। ਅਸਲ ਸਵਾਲ ਇਹ ਨਹੀਂ ਕਿ ਗਾਂਧੀ ਅੱਜ ਪ੍ਰਸੰਗਿਕ ਹੈ ਜਾਂ ਨਹੀਂ।

ਅਸਲ ਸਵਾਲ ਇਹ ਹੈ—

ਕੀ ਅਸੀਂ ਅਜੇ ਵੀ ਉਸ ਅਹਿੰਸਾ, ਉਸ ਸੱਚ ਅਤੇ ਉਸ ਕਰੁਣਾ ਲਈ ਤਿਆਰ ਹਾਂ। ਜਿਸ 'ਤੇ ਗਾਂਧੀ ਨੇ ਭਾਰਤ ਦੀ ਕਲਪਨਾ ਕੀਤੀ ਸੀ? ਹੇ ਰਾਮ ਨੂੰ ਸਿਰਫ਼ ਜਿੱਤ ਦਾ ਨਾਅਰਾ ਬਣਾ ਦਿੱਤਾ ਗਿਆ, ਜੇ ਦੇਸ਼ ਨੂੰ ਸਿਰਫ਼ ਤਾਕਤ ਦਾ ਮੰਚ ਬਣਾ ਦਿੱਤਾ ਗਿਆ, ਤਾਂ ਗਾਂਧੀ ਅੱਜ ਵੀ ਸਾਨੂੰ ਚੁੱਪਚਾਪ ਯਾਦ ਦਿਵਾਉਂਦਾ ਹੈ—ਭਾਰਤ ਦੀ ਆਤਮਾ ਸ਼ੋਰ ਵਿੱਚ ਨਹੀਂ, ਸੱਚ ਦੀ ਖਾਮੋਸ਼ੀ ਵਿੱਚ ਵੱਸਦੀ ਹੈ ਅਤੇ ਇਸੇ ਲਈ,30 ਜਨਵਰੀ ਸਾਨੂੰ ਹਰ ਸਾਲ ਨਹੀਂ—

ਹਰ ਰੋਜ਼ ਪੁੱਛਦੀ ਹੈ: ਅੱਜ ਗਾਂਧੀ ਦਰਸ਼ਨ ਕਿੱਥੇ ਹੈ?



ਵਿੰਕਲਜੀਤ ਸਿੰਘ ਸਰਾ
9501477889

## ਟੈਥਰ ਅਤੇ ਸੋਨੇ ਦਾ ਮਹਾਂ-ਸੰਗਮ

# ਵਿਸ਼ਵ ਵਿੱਤੀ ਪ੍ਰਣਾਲੀ ਵਿੱਚ ਇੱਕ ਨਵੇਂ ਯੁੱਗ ਦਾ ਆਗਾਜ਼

**ਇੱਕ ਅਣਕਿਆਸੀ ਵਿੱਤੀ ਕ੍ਰਾਂਤੀ** : ਵਿੱਤੀ ਇਤਿਹਾਸ ਦੇ ਪੰਨਿਆਂ ਵਿੱਚ ਕੁਝ ਅਜਿਹੇ ਮੋੜ ਆਉਂਦੇ ਹਨ ਜੋ ਆਉਣ ਵਾਲੀਆਂ ਸਦੀਆਂ ਦੀ ਦਿਸ਼ਾ ਤੈਅ ਕਰਦੇ ਹਨ। 1944 ਵਿੱਚ 'ਬ੍ਰੈਟਨ ਵੁੱਡਜ਼' ਸਮਝੌਤਾ ਹੋਇਆ ਸੀ, ਜਿਸ ਨੇ ਅਮਰੀਕੀ ਡਾਲਰ ਨੂੰ ਦੁਨੀਆ ਦੀ ਕੇਂਦਰੀ ਕਰੰਸੀ ਬਣਾਇਆ ਅਤੇ 1971 ਵਿੱਚ 'ਨਿਕਸਨ ਸ਼ੌਕ' ਆਇਆ, ਜਿਸ ਨੇ ਡਾਲਰ ਦਾ ਸੋਨੇ ਨਾਲੋਂ ਰਿਸ਼ਤਾ ਤੋੜ ਦਿੱਤਾ। ਅੱਜ ਅਸੀਂ ਇੱਕ ਅਜਿਹੇ ਹੀ ਤੀਜੇ ਮੋੜ 'ਤੇ ਖੜ੍ਹੇ ਹਾਂ ਜਿੱਥੇ ਇੱਕ ਕ੍ਰਿਪਟੋ ਕੰਪਨੀ, ਟੈਥਰ (Tether) ਮੁੜ ਤੋਂ ਸੋਨੇ ਨੂੰ ਵਿਸ਼ਵ ਅਰਥਵਿਵਸਥਾ ਦੇ ਕੇਂਦਰ ਵਿੱਚ ਲਿਆ ਰਹੀ ਹੈ।

ਜਦੋਂ ਅਸੀਂ ਅਖ਼ਬਾਰਾਂ ਵਿੱਚ ਇਹ ਸੁਰਖੀ ਪੜ੍ਹਦੇ ਹਾਂ ਕਿ ਟੈਥਰ ਸੋਨੇ ਦੀ ਮਾਰਕੀਟ ਨੂੰ ਹਿਲਾ ਰਹੀ ਹੈ ਤਾਂ ਇਹ ਸਿਰਫ਼ ਇੱਕ ਨਿਵੇਸ਼ ਦੀ ਖ਼ਬਰ ਨਹੀਂ ਹੁੰਦੀ। ਇਹ ਇੱਕ ਸੰਦੇਸ਼ ਹੈ ਕਿ ਦੁਨੀਆ ਦਾ ਭਰੋਸਾ ਕਾਗਜ਼ੀ ਨੋਟਾਂ ਤੋਂ ਉੱਠ ਕੇ ਮੁੜ ਉਸ ਪੁਰਾਤਨ ਧਾਤ ਵੱਲ ਪਰਤ ਰਿਹਾ ਹੈ, ਜਿਸ ਨੂੰ ਅਸੀਂ 'ਸੋਨਾ' ਕਹਿੰਦੇ ਹਾਂ। ਪਰ ਇਸ ਵਾਰ ਇਹ ਸੋਨਾ ਡਿਜ਼ੀਟਲ ਕਵਚ ਵਿੱਚ ਲਪੇਟਿਆ ਹੋਇਆ ਹੈ।

**ਟੈਥਰ ਦਾ ਉਭਾਰ, ਇੱਕ ਸਟੇਬਲਕੋਇਨ ਤੋਂ 'ਗੋਲਡ ਜਾਇੰਟ' ਤੱਕ** : ਟੈਥਰ (Tether Limited) ਦੀ ਸ਼ੁਰੂਆਤ ਇੱਕ ਸਧਾਰਨ ਵਿਚਾਰ ਨਾਲ ਹੋਈ ਸੀ ਇੱਕ ਅਜਿਹੀ ਕ੍ਰਿਪਟੋ ਕਰੰਸੀ ਬਣਾਉਣਾ, ਜਿਸ ਵਿੱਚ ਬਿਟਕੋਇਨ ਵਰਗੀ ਤੇਜ਼ੀ ਹੋਵੇ ਪਰ ਉਸਦੀ ਕੀਮਤ ਸਥਿਰ ਰਹੇ। ਇਸ ਨੇ USDT (Tether Dollar) ਜਾਰੀ ਕੀਤਾ। ਸ਼ੁਰੂਆਤੀ ਦਿਨਾਂ ਵਿੱਚ ਟੈਥਰ 'ਤੇ ਕਈ ਸਵਾਲ ਉੱਠੇ ਕਿ ਕੀ ਉਨ੍ਹਾਂ ਕੋਲ ਅਸਲ ਵਿੱਚ ਓਨੇ ਡਾਲਰ ਹਨ, ਜਿੰਨੇ ਉਹ ਟੋਕਨ ਛਾਪ ਰਹੇ ਹਨ? ਸਮੇਂ ਦੇ ਨਾਲ ਟੈਥਰ ਨੇ ਨਾ ਸਿਰਫ਼ ਆਪਣੀ ਪਾਰਦਰਸ਼ਤਾ ਵਧਾਈ ਸਗੋਂ ਆਪਣੇ ਰਿਜ਼ਰਵ ਨੂੰ ਵੱਖ-ਵੱਖ ਹਿੱਸਿਆਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ। ਅੱਜ ਟੈਥਰ ਕੋਲ ਸਿਰਫ਼ ਨਕਦ ਡਾਲਰ ਹੀ ਨਹੀਂ ਸਗੋਂ ਅਮਰੀਕੀ ਟਰੇਜ਼ਰੀ ਬਿੱਲ, ਬਿਟਕੋਇਨ ਅਤੇ ਹੁਣ ਸਭ ਤੋਂ ਮਹੱਤਵਪੂਰਨ ਭੌਤਿਕ ਸੋਨਾ ਹੈ। 140 ਟਨ ਸੋਨਾ ਇਕੱਠਾ ਕਰਨਾ ਕੋਈ ਮਾਮੂਲੀ ਗੱਲ ਨਹੀਂ ਹੈ, ਇਹ ਮਾਤਰਾ ਟੈਥਰ ਨੂੰ ਦੁਨੀਆ ਦੇ ਟਾਪ 20-25 ਸੋਨਾ ਰੱਖਣ ਵਾਲੇ ਦੇਸ਼ਾਂ ਦੀ ਕਤਾਰ ਵਿੱਚ ਖੜ੍ਹਾ ਕਰ ਦਿੰਦੀ ਹੈ।

**ਸਵਿਟਜ਼ਰਲੈਂਡ ਦੇ ਬੰਕਰ, ਰਹੱਸ ਅਤੇ ਸੁਰੱਖਿਆ** : ਟੈਥਰ ਨੇ ਆਪਣਾ ਸੋਨਾ ਸੰਭਾਲਣ ਲਈ ਸਵਿਟਜ਼ਰਲੈਂਡ ਨੂੰ ਹੀ ਕਿਉਂ ਚੁਣਿਆ? ਇਸਦੇ ਪਿੱਛੇ ਡੂੰਘੇ ਇਤਿਹਾਸਕ ਅਤੇ ਭੂ-ਰਾਜਨੀਤਿਕ ਕਾਰਨ ਹਨ। ਸਵਿਟਜ਼ਰਲੈਂਡ ਦੇ ਅਲਪਸ ਪਹਾੜਾਂ ਵਿੱਚ ਹਜ਼ਾਰਾਂ ਅਜਿਹੇ ਬੰਕਰ ਹਨ ਜੋ ਕਿਸੇ ਸਮੇਂ ਪਰਮਾਣੂ ਯੁੱਧ ਦੀ ਸਥਿਤੀ ਵਿੱਚ ਪੂਰੀ ਆਬਾਦੀ ਨੂੰ ਪਨਾਹ ਦੇਣ ਲਈ ਬਣਾਏ ਗਏ ਸਨ।

**ਅਜਿੱਤ ਕਿਲ੍ਹੇ**: ਇਹ ਬੰਕਰ ਗ੍ਰੇਨਾਈਟ ਦੀਆਂ ਪਹਾੜੀਆਂ ਨੂੰ ਕੱਟ ਕੇ ਬਣਾਏ ਗਏ ਹਨ। ਇੱਥੇ ਪਹੁੰਚਣ ਲਈ ਅਜਿਹੇ ਰਸਤਿਆਂ ਵਿੱਚੋਂ ਲੰਘਣਾ ਪੈਂਦਾ ਹੈ ਜੋ ਆਮ ਨਕਸ਼ਿਆਂ 'ਤੇ ਮੌਜੂਦ ਨਹੀਂ ਹਨ।

**ਤਕਨੀਕੀ ਨਿਗਰਾਨੀ**: ਟੈਥਰ ਦਾ ਸੋਨਾ ਜਿਨ੍ਹਾਂ ਬੰਕਰਾਂ ਵਿੱਚ ਹੈ, ਉੱਥੇ 24 ਘੰਟੇ ਹਥਿਆਰਬੰਦ ਗਾਰਡ, ਬਾਇਓਮੈਟ੍ਰਿਕ ਸੈਂਸਰ ਅਤੇ ਅਜਿਹੀ ਤਕਨੀਕ ਲੱਗੀ ਹੈ ਜੋ ਦੁਨੀਆ ਦੇ ਸਭ ਤੋਂ ਵੱਡੇ ਚੋਰਾਂ ਦੀ ਪਹੁੰਚ ਤੋਂ ਵੀ ਪਰੇ ਹੈ।





**ਨਿਰਪੱਖਤਾ ਦਾ ਫਾਇਦਾ**: ਸਵਿਟਜ਼ਰਲੈਂਡ ਕਿਸੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਦਿੰਦਾ। ਜੇਕਰ ਅਮਰੀਕਾ ਜਾਂ ਕੋਈ ਹੋਰ ਦੇਸ਼ ਟੈਥਰ 'ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਵੀ ਸਵਿਟਜ਼ਰਲੈਂਡ ਵਿੱਚ ਪਿਆ ਸੋਨਾ ਸੁਰੱਖਿਅਤ ਰਹੇਗਾ। ਇਹ "Sovereign Risk" (ਦੇਸ਼ ਦੇ ਜੋਖਮ) ਨੂੰ ਘਟਾਉਣ ਦੀ ਇੱਕ ਮਾਸਟਰ-ਸਟਰੋਕ ਚਾਲ ਹੈ।

**Tether Gold (XAUt) ਸੋਨੇ ਦਾ ਲੋਕਤੰਤਰੀਕਰਨ** : ਸੋਨਾ ਖਰੀਦਣਾ ਹਮੇਸ਼ਾ ਮੁਸ਼ਕਲ ਰਿਹਾ ਹੈ। ਜੇ ਤੁਸੀਂ ਅਸਲੀ ਸੋਨਾ ਖਰੀਦਦੇ ਹੋ ਤਾਂ ਉਸਦੀ ਸੁਰੱਖਿਆ ਅਤੇ ਸ਼ੁੱਧਤਾ ਦਾ ਡਰ ਰਹਿੰਦਾ ਹੈ। ਜੇ ਤੁਸੀਂ ਸੋਨੇ ਦੇ ਗਹਿਣੇ ਲੈਂਦੇ ਹੋ ਤਾਂ ਬਣਾਵਟ ਦੇ ਖਰਚੇ (making charges) ਬਹੁਤ ਹੁੰਦੇ ਹਨ। ਟੈਥਰ ਨੇ ਇਸਦਾ ਹੱਲ XAUt ਰਾਹੀਂ ਦਿੱਤਾ।

**ਡਿਜ਼ੀਟਲ ਟੁਕੜੇ**: ਤੁਸੀਂ ਸੋਨੇ ਦਾ ਇੱਕ ਬਹੁਤ ਛੋਟਾ ਹਿੱਸਾ ਵੀ ਖਰੀਦ ਸਕਦੇ ਹੋ। ਸਿੱਧੀ ਮਲਕੀਅਤ: ਹਰ XAUt ਟੋਕਨ ਦਾ ਸਵਿਸ ਬੰਕਰ ਵਿੱਚ ਪਈ ਇੱਕ ਖਾਸ ਸੋਨੇ ਦੀ ਬਾਰ ਨਾਲ ਸਿੱਧਾ ਸਬੰਧ ਹੈ। ਜਦੋਂ ਤੁਸੀਂ ਟੋਕਨ ਖਰੀਦਦੇ ਹੋ ਤਾਂ ਟੈਥਰ ਦੇ ਡਾਟਾਬੇਸ ਵਿੱਚ ਉਸ ਬਾਰ ਦਾ ਸੀਰੀਅਲ ਨੰਬਰ ਤੁਹਾਡੇ ਨਾਮ ਨਾਲ ਜੁੜ ਜਾਂਦਾ ਹੈ।

**ਤਰਲਤਾ (Liquidity)**: ਤੁਸੀਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਅੱਧੀ ਰਾਤ ਨੂੰ ਵੀ ਆਪਣਾ ਸੋਨਾ ਵੇਚ ਸਕਦੇ ਹੋ ਅਤੇ ਪੈਸੇ ਆਪਣੇ ਵਾਲਿਟ ਵਿੱਚ ਲੈ ਸਕਦੇ ਹੋ। ਇਹ ਸਹੂਲਤ ਰਵਾਇਤੀ ਸੋਨੇ ਦੇ ਬਾਜ਼ਾਰ ਵਿੱਚ ਕਦੇ ਸੰਭਵ ਨਹੀਂ ਸੀ।

ਆਰਥਿਕ ਪ੍ਰਭਾਵ, ਡਾਲਰ ਦੀ ਸਰਦਾਰੀ ਨੂੰ ਖ਼ਤਰਾ ? ਪਿਛਲੇ 80 ਸਾਲਾਂ ਤੋਂ ਅਮਰੀਕੀ ਡਾਲਰ ਦੁਨੀਆ ਦਾ ਰਾਜਾ ਰਿਹਾ ਹੈ। ਪਰ ਅੱਜ ਅਮਰੀਕਾ ਦਾ ਕਰਜ਼ਾ £34 ਟ੍ਰਿਲੀਅਨ ਤੋਂ ਪਾਰ ਹੋ ਚੁੱਕਾ ਹੈ। ਜਦੋਂ ਕੋਈ ਦੇਸ਼ ਬਹੁਤ ਜ਼ਿਆਦਾ ਕਰਜ਼ੇ ਵਿੱਚ ਹੁੰਦਾ ਹੈ ਤਾਂ ਉਸਦੀ ਕਰੰਸੀ ਦੀ ਕੀਮਤ ਡਿੱਗਣ ਦਾ ਖ਼ਤਰਾ ਰਹਿੰਦਾ ਹੈ। ਟੈਥਰ ਦੇ ਸੀ.ਈ.ਓ. ਪਾਓਲੋ ਆਰਡੋਇਨੋ ਦਾ ਮੰਨਣਾ ਹੈ ਕਿ ਵਾਸ਼ਿੰਗਟਨ ਦੇ ਵਿਰੋਧੀ ਦੇਸ਼ (ਜਿਵੇਂ ਚੀਨ ਅਤੇ ਰੂਸ) ਡਾਲਰ ਦਾ ਬਦਲ ਲੱਭ ਰਹੇ ਹਨ। ਅਜਿਹੇ ਵਿੱਚ, ਟੈਥਰ ਵੱਲੋਂ ਸੋਨੇ ਵਿੱਚ ਕੀਤਾ ਜਾ ਰਿਹਾ ਨਿਵੇਸ਼ ਇੱਕ ਵਿਕਲਪਿਕ ਵਿੱਤੀ ਪ੍ਰਣਾਲੀ ਦੀ ਨੀਂਹ ਰੱਖ ਰਿਹਾ ਹੈ। ਜੇਕਰ ਕੱਲ੍ਹ ਨੂੰ ਡਾਲਰ ਦਾ ਸੰਕਟ ਆਉਂਦਾ ਹੈ, ਤਾਂ ਟੈਥਰ ਕੋਲ ਪਿਆ 140 ਟਨ ਸੋਨਾ ਉਸਨੂੰ ਅਤੇ ਉਸਦੇ ਨਿਵੇਸ਼ਕਾਂ ਨੂੰ ਡੁੱਬਣ ਤੋਂ ਬਚਾ ਲਵੇਗਾ।

**ਸੋਨੇ ਦੀਆਂ ਕੀਮਤਾਂ 'ਤੇ ਅਸਰ ਅਤੇ ਭਵਿੱਖਬਾਣੀ** : ਜਦੋਂ ਟੈਥਰ ਹਰ ਹਫ਼ਤੇ 1 ਤੋਂ 2 ਟਨ ਸੋਨਾ ਬਾਜ਼ਾਰ ਵਿੱਚੋਂ ਖਰੀਦਦੀ ਹੈ ਤਾਂ ਇਹ ਸੋਨੇ ਦੀ ਮੰਗ ਅਤੇ ਸਪਲਾਈ ਦੇ ਸੰਤੁਲਨ ਨੂੰ ਹਿਲਾ ਦਿੰਦੀ ਹੈ।

**ਕੀਮਤਾਂ ਵਿੱਚ ਵਾਧਾ**: ਮਾਹਿਰਾਂ ਦਾ ਅਨੁਮਾਨ ਹੈ ਕਿ ਸੋਨਾ ਜਲਦੀ ਹੀ £5,200 ਪ੍ਰਤੀ ਔਂਸ ਦੇ ਪੱਧਰ ਨੂੰ ਛੂਹ ਸਕਦਾ ਹੈ।

**ਕੇਂਦਰੀ ਬੈਂਕਾਂ ਨਾਲ ਮੁਕਾਬਲਾ**: ਹੁਣ ਟੈਥਰ ਸਿਰਫ਼ ਦੂਜੀਆਂ ਕ੍ਰਿਪਟੋ ਕੰਪਨੀਆਂ ਨਾਲ ਨਹੀਂ ਸਗੋਂ ਪੋਲੈਂਡ, ਚੀਨ ਅਤੇ ਭਾਰਤ ਦੇ ਕੇਂਦਰੀ ਬੈਂਕਾਂ ਨਾਲ ਮੁਕਾਬਲਾ ਕਰ ਰਹੀ ਹੈ ਕਿ ਕੌਣ ਕਿੰਨਾ ਸੋਨਾ ਇਕੱਠਾ ਕਰ ਸਕਦਾ ਹੈ।

**ਨਵਾਂ ਨਿਵੇਸ਼ਕ ਵਰਗ**: ਨੌਜਵਾਨ ਪੀੜ੍ਹੀ ਜੋ ਪਹਿਲਾਂ ਸੋਨੇ ਨੂੰ ਇੱਕ ਬੁੱਢਿਆਂ ਦਾ ਨਿਵੇਸ਼ ਮੰਨਦੀ ਸੀ ਹੁਣ ਕ੍ਰਿਪਟੋ ਰਾਹੀਂ ਇਸ ਵੱਲ ਖਿੱਚੀ ਜਾ ਰਹੀ ਹੈ।

**ਚੁਣੌਤੀਆਂ ਅਤੇ ਜੋਖਮ** : ਕੋਈ ਵੀ ਵਿੱਤੀ ਕ੍ਰਾਂਤੀ ਜੋਖਮ ਤੋਂ ਬਿਨਾਂ ਨਹੀਂ ਹੁੰਦੀ। ਟੈਥਰ ਦੇ ਇਸ ਮਾਡਲ ਵਿੱਚ ਵੀ ਕੁਝ ਵੱਡੀਆਂ ਚੁਣੌਤੀਆਂ ਹਨ।

**ਰੈਗੂਲੇਟਰੀ ਦਬਾਅ**: ਅਮਰੀਕੀ ਸਰਕਾਰ ਨੂੰ ਇਹ ਪਸੰਦ ਨਹੀਂ ਹੈ ਕਿ ਇੱਕ ਨਿੱਜੀ ਕੰਪਨੀ ਡਾਲਰ ਦੇ ਬਦਲ ਵਜੋਂ ਸੋਨੇ ਦਾ ਇੰਨਾ ਵੱਡਾ ਸਾਮਰਾਜ ਖੜ੍ਹਾ ਕਰੇ।

**ਪਾਰਦਰਸ਼ਤਾ ਦਾ ਸਵਾਲ**: ਹਾਲਾਂਕਿ ਟੈਥਰ ਦਾ ਕਹਿਣਾ ਹੈ ਕਿ ਸੋਨਾ ਬੰਕਰਾਂ ਵਿੱਚ ਹੈ, ਪਰ ਇੱਕ ਪੂਰਨ ਅਤੇ ਸੁਤੰਤਰ ਆਡਿਟ ਦੀ ਮੰਗ ਹਮੇਸ਼ਾ ਹੁੰਦੀ ਰਹਿੰਦੀ ਹੈ।

**ਕੇਂਦਰੀਕਰਨ**: ਕ੍ਰਿਪਟੋ ਦਾ ਮਕਸਦ ਸ਼ਕਤੀ ਨੂੰ ਵੰਡਣਾ ਸੀ ਪਰ ਟੈਥਰ ਕੋਲ ਇੰਨੀ ਜ਼ਿਆਦਾ ਸੰਪਤੀ ਹੋਣਾ ਇਸਨੂੰ ਇੱਕ ਡਿਜ਼ੀਟਲ ਡਿਕਟੇਟਰ ਵੀ ਬਣਾ ਸਕਦਾ ਹੈ।

**ਇੱਕ ਨਵੇਂ ਯੁੱਗ ਦਾ ਸੂਰਜ** : ਟੈਥਰ ਦਾ ਸੋਨੇ ਦੀ ਮਾਰਕੀਟ ਵਿੱਚ ਦਾਖਲਾ ਸਿਰਫ਼ ਪੈਸੇ ਕਮਾਉਣ ਦਾ ਜ਼ਰੀਆ ਨਹੀਂ ਹੈ। ਇਹ ਇੱਕ ਵੱਡੀ ਤਬਦੀਲੀ ਦਾ ਸੰਕੇਤ ਹੈ। ਇਹ ਦਰਸਾਉਂਦਾ ਹੈ ਕਿ ਅਸੀਂ ਇੱਕ ਅਜਿਹੇ ਯੁੱਗ ਵਿੱਚ ਦਾਖਲ ਹੋ ਰਹੇ ਹਾਂ ਜਿੱਥੇ ਤਕਨਾਲੋਜੀ ਦੀ ਗਤੀ ਅਤੇ ਸੋਨੇ ਦੀ ਪ੍ਰਾਚੀਨ ਸਥਿਰਤਾ ਮਿਲ ਕੇ ਕੰਮ ਕਰਨਗੇ।

ਭਵਿੱਖ ਵਿੱਚ ਸ਼ਾਇਦ ਸਾਨੂੰ ਕਾਗਜ਼ੀ ਨੋਟਾਂ ਦੀ ਲੋੜ ਹੀ ਨਾ ਪਵੇ। ਸਾਡੇ ਮੋਬਾਈਲ ਫੋਨਾਂ ਵਿੱਚ ਮੌਜੂਦ ਡਿਜ਼ੀਟਲ ਵਾਲਿਟ ਸਿੱਧੇ ਸਵਿਟਜ਼ਰਲੈਂਡ ਦੇ ਬੰਕਰਾਂ ਵਿੱਚ ਪਏ ਸੋਨੇ ਨਾਲ ਜੁੜੇ ਹੋਣਗੇ। ਟੈਥਰ ਨੇ ਇਸ ਰਸਤੇ 'ਤੇ ਪਹਿਲਾ ਕਦਮ ਪੁੱਟ ਦਿੱਤਾ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਦੁਨੀਆ ਦੇ ਬਾਕੀ ਦੇਸ਼ ਅਤੇ ਬੈਂਕ ਇਸ ਨਵੀਂ ਚੁਣੌਤੀ ਦਾ ਸਾਹਮਣਾ ਕਿਵੇਂ ਕਰਦੇ ਹਨ।

ਇਹ ਸਿਰਫ਼ ਇੱਕ ਕ੍ਰਿਪਟੋ ਕੰਪਨੀ ਦੀ ਕਹਾਣੀ ਨਹੀਂ ਹੈ ਇਹ ਮਨੁੱਖੀ ਭਰੋਸੇ ਦੇ ਬਦਲਦੇ ਰੂਪ ਦੀ ਕਹਾਣੀ ਹੈ। ਸੋਨਾ ਕੱਲ੍ਹ ਵੀ ਕੀਮਤੀ ਸੀ, ਅੱਜ ਵੀ ਹੈ ਅਤੇ ਟੈਥਰ ਦੀ ਮਦਦ ਨਾਲ ਇਹ ਡਿਜ਼ੀਟਲ ਯੁੱਗ ਵਿੱਚ ਵੀ ਆਪਣੀ ਸਰਦਾਰੀ ਕਾਇਮ ਰੱਖੇਗਾ।

## ਮਾਮਲਾ 2 ਕਿਲੋਂ ਅਫੀਮ ਜ਼ਬਤ ਕਰਨ ਦਾ
# ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵਿਰੁੱਧ ਜ਼ਮਾਨਤੀ ਵਾਰੰਟ ਜਾਰੀ



ਜਲੰਧਰ, 29 ਜਨਵਰੀ (ਚ.ਨ.ਸ.): ਜਲੰਧਰ ਦੀ ਇੱਕ ਅਦਾਲਤ ਨੇ 2 ਕਿਲੋ ਅਫੀਮ ਜ਼ਬਤ ਕਰਨ ਦੇ ਮਾਮਲੇ ਵਿੱਚ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵਿਰੁੱਧ ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਅਦਾਲਤ ਨੇ ਕਮਿਸ਼ਨਰ ਨੂੰ ਬੁੱਧਵਾਰ ਨੂੰ ਅਦਾਲਤ ਵਿੱਚ ਪੇਸ਼ ਹੋਣ ਅਤੇ 5,000 ਰੁਪਏ ਦੀ ਜ਼ਮਾਨਤ ਰਾਸ਼ੀ ਜਮ੍ਹਾਂ ਕਰਵਾਉਣ ਦਾ ਹੁਕਮ ਦਿੱਤਾ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਹ ਮਾਮਲਾ 2024 ਦਾ ਹੈ, ਜਦੋਂ ਪੁਲਿਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਇੱਕ ਸ਼ੱਕੀ ਵਿਰੁੱਧ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਪੁਲਿਸ ਨੇ ਇੱਕ ਅੰਤਰਰਾਸ਼ਟਰੀ ਡਰੱਗ ਰੈਕੇਟ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਕਮਿਸ਼ਨਰ ਨੂੰ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਹੋਣਾ ਸੀ ਪਰ ਵੀ.ਆਈ.ਪੀ. ਡਿਊਟੀ ਦਾ ਹਵਾਲਾ ਦਿੰਦੇ ਹੋਏ ਪੇਸ਼ ਨਹੀਂ ਹੋਈ। ਨਤੀਜੇ ਵਜੋਂ ਅਦਾਲਤ ਨੇ ਸਖ਼ਤ ਰੁਖ਼ ਅਪਣਾਇਆ ਤੇ ਜ਼ਮਾਨਤੀ ਵਾਰੰਟ ਜਾਰੀ ਕਰਨ ਦਾ ਹੁਕਮ ਦਿੱਤਾ।

# ਟੈਕਸਾਸ ਦੇ ਗਵਰਨਰ ਵੱਲੋਂ ਐਚ-1ਬੀ ਵੀਜ਼ਾ ਪਟੀਸ਼ਨਾਂ 'ਤੇ ਤੁਰੰਤ ਰੋਕ ਲਗਾਉਣ ਦੇ ਹੁਕਮ




ਹਿਊਸਟਨ, 29 ਜਨਵਰੀ (ਚ.ਨ.ਸ.): ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਸਰਕਾਰੀ ਏਜੰਸੀਆਂ ਤੇ ਜਨਤਕ ਯੂਨੀਵਰਸਿਟੀਆਂ ਨੂੰ ਹੁਕਮ ਦਿੱਤਾ ਹੈ ਕਿ ਉਹ ਐਚ-1ਬੀ ਵੀਜ਼ਾ ਪਟੀਸ਼ਨਾਂ ਉਤੇ ਤੁਰੰਤ ਰੋਕ ਲਗਾ ਦੇਣ। ਨਿਯਮਾਂ 'ਚ ਇਸ ਸਖ਼ਤੀ ਨਾਲ ਸਰਕਾਰੀ ਸੰਸਥਾਵਾਂ 'ਚ ਭਰਤੀ ਪ੍ਰਾਪਤ ਕਰਨਾ ਮੁਸ਼ਕਲ ਹੋਵੇਗਾ ਅਤੇ ਭਾਰਤੀ ਪੇਸ਼ੇਵਰ ਇਸ ਤੋਂ ਸਭ ਤੋਂ ਜ਼ਿਆਦਾ ਪ੍ਰਭਾਵਤ ਹੋਣਗੇ। ਰੋਕ ਮਈ 2027 ਤਕ ਲਾਗੂ ਰਹੇਗੀ। ਮੰਗਲਵਾਰ ਨੂੰ ਜਾਰੀ ਕੀਤੇ ਗਏ ਹੁਕਮ ਵਿਚ ਕਿਹਾ ਗਿਆ ਹੈ ਕਿ ਸੂਬੇ ਦੀਆਂ ਏਜੰਸੀਆਂ ਅਤੇ ਜਨਤਕ ਯੂਨੀਵਰਸਿਟੀਆਂ ਨੂੰ ਨਵੀਆਂ ਪਟੀਸ਼ਨਾਂ ਦਾਇਰ ਕਰਨਾ ਬੰਦ ਕਰਨਾ ਚਾਹੀਦਾ ਹੈ ਜਦੋਂ ਤਕ ਉਨ੍ਹਾਂ ਨੂੰ ਟੈਕਸਾਸ ਵਰਕਫੋਰਸ ਕਮਿਸ਼ਨ ਤੋਂ ਲਿਖਤੀ ਮਨਜ਼ੂਰੀ ਨਹੀਂ ਮਿਲਦੀ। ਹਜ਼ਾਰਾਂ ਐਚ-1ਬੀ ਵੀਜ਼ਾ ਧਾਰਕਾਂ ਦੇ ਘਰ ਟੈਕਸਾਸ ਸੂਬੇ ਵਿਚ ਰਾਜਪਾਲ ਦਾ ਇਹ ਹੁਕਮ ਅਜਿਹੇ ਸਮੇਂ ਆਇਆ ਹੈ ਜਦੋਂ ਟਰੰਪ ਪ੍ਰਸ਼ਾਸਨ ਨੇ ਵੀਜ਼ਾ ਪ੍ਰੋਗਰਾਮ ਨੂੰ ਨਵਾਂ ਰੂਪ ਦੇਣ ਲਈ ਕਦਮ ਚੁੱਕੇ ਹਨ। ਐਬੋਟ ਨੇ ਕਿਹਾ ਕਿ ਫੈਡਰਲ ਐਚ-1 ਬੀ ਵੀਜ਼ਾ ਪ੍ਰੋਗਰਾਮ ਵਿਚ ਦੁਰਵਰਤੋਂ ਦੀਆਂ ਤਾਜ਼ਾ ਰਿਪੋਰਟਾਂ ਦੇ ਮੱਦੇਨਜ਼ਰ, ਅਤੇ ਅਮਰੀਕੀ ਨੌਕਰੀਆਂ ਨੂੰ ਸਿਰਫ਼ ਅਮਰੀਕਾ ਦੇ ਲੋਕਾਂ ਲਈ ਯਕੀਨੀ ਬਣਾਉਣ ਲਈ ਫੈਡਰਲ ਸਰਕਾਰ ਵਲੋਂ ਉਸ ਪ੍ਰੋਗਰਾਮ ਦੀ ਚੱਲ ਰਹੀ ਸਮੀਖਿਆ ਦੇ ਵਿਚਕਾਰ, ਮੈਂ ਸਾਰੀਆਂ ਸੂਬਾ ਏਜੰਸੀਆਂ ਨੂੰ ਹੁਕਮ ਦੇ ਰਿਹਾ ਹਾਂ ਕਿ ਉਹ ਇਸ ਚਿੱਠੀ ਵਿਚ ਦੱਸੇ ਅਨੁਸਾਰ ਨਵੀਆਂ ਐਚ-1ਬੀ ਵੀਜ਼ਾ ਪਟੀਸ਼ਨਾਂ ਨੂੰ ਤੁਰੰਤ ਰੋਕ ਦੇਣ।" ਚਿੱਠੀ 'ਚ ਕਿਹਾ ਗਿਆ ਹੈ ਕਿ ਸੰਸਥਾਵਾਂ ਨੂੰ ਐਚ-1ਬੀ ਦੀ ਵਰਤੋਂ ਉਤੇ ਵੀ ਰਿਪੋਰਟ ਕਰਨੀ ਚਾਹੀਦੀ ਹੈ, ਜਿਸ 'ਚ ਨੰਬਰ, ਨੌਕਰੀ ਦੀਆਂ ਭੂਮਿਕਾਵਾਂ, ਮੂਲ ਦੇਸ਼ ਅਤੇ ਵੀਜ਼ਾ ਮਿਆਦ ਪੁੱਗਣ ਦੀਆਂ ਤਰੀਕਾਂ ਸ਼ਾਮਲ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਸਾਲ 19 ਸਤੰਬਰ ਨੂੰ ਇਕ 'ਕੁੱਝ ਗੈਰ-ਪ੍ਰਵਾਸੀ ਕਾਮਿਆਂ ਦੇ ਦਾਖਲੇ ਉਤੇ ਪਾਬੰਦੀ' ਦੇ ਐਲਾਨ ਉਤੇ ਦਸਤਖਤ ਕੀਤੇ ਸਨ, ਜਿਸ ਨੇ ਉਨ੍ਹਾਂ ਕਾਮਿਆਂ ਦੇ ਅਮਰੀਕਾ ਵਿਚ ਦਾਖਲ ਹੋਣ ਉਤੇ ਪਾਬੰਦੀ ਲਗਾ ਦਿੱਤੀ ਸੀ, ਜਿਨ੍ਹਾਂ ਦੀਆਂ ਐਚ-1ਬੀ ਪਟੀਸ਼ਨਾਂ ਦੇ ਨਾਲ 1,00,000 ਡਾਲਰ ਦੀ ਅਦਾਇਗੀ ਨਹੀਂ ਕੀਤੀ ਗਈ ਸੀ। ਐਚ-1ਬੀ ਵੀਜ਼ਾ ਫੀਸ 1,00,000 ਡਾਲਰ ਸਿਰਫ ਨਵੇਂ ਬਿਨੈਕਾਰਾਂ ਉਤੇ ਲਾਗੂ ਹੋਵੇਗੀ, ਭਾਵ 21 ਸਤੰਬਰ ਤੋਂ ਬਾਅਦ ਜਮ੍ਹਾਂ ਕੀਤੀਆਂ ਗਈਆਂ ਸਾਰੀਆਂ ਨਵੀਆਂ ਐਚ-1ਬੀ ਵੀਜ਼ਾ ਪਟੀਸ਼ਨਾਂ, ਜਿਸ ਵਿਚ ਵਿੱਤੀ ਸਾਲ 2026 ਦੀ ਲਾਟਰੀ ਵੀ ਸ਼ਾਮਲ ਹੈ।

# ਸੁਪਰੀਮ ਕੋਰਟ ਵੱਲੋਂ ਅਵਾਰਾ ਕੁੱਤਿਆਂ ਨੂੰ ਲੈ ਕੇ ਅਧੂਰੇ ਪ੍ਰਬੰਧਾਂ ਲਈ ਨਰਾਜ਼ਗੀ ਜ਼ਾਹਰ



ਨਵੀਂ ਦਿੱਲੀ, 29 ਜਨਵਰੀ (ਚ.ਨ.ਸ.): ਸੁਪਰੀਮ ਕੋਰਟ ਨੇ ਅਵਾਰਾ ਕੁੱਤਿਆਂ ਨੂੰ ਲੈ ਕੇ ਅਧੂਰੇ ਪ੍ਰਬੰਧਾਂ ਲਈ ਨਰਾਜ਼ਗੀ ਜ਼ਾਹਰ ਕੀਤੀ ਹੈ। ਸਰਬਉੱਚ ਅਦਾਲਤ ਨੇ ਸ਼ੈਲਟਰ ਹਾਊਸ ਬਣਾਉਣ, ਟੀਕਾਕਰਨ ਤੇ ਨਸਬੰਦੀ ਦੀ ਸਮਰੱਥਾ ਵਧਾਉਣ ਤੋਂ ਇਲਾਵਾ ਹਸਪਤਾਲ, ਸਕੂਲ, ਬੱਸ ਅੱਡੇ ਆਦਿ ਨੇੜਿਓਂ ਅਵਾਰਾ ਕੁੱਤਿਆਂ ਨੂੰ ਹਟਾਉਣ ਦੇ ਆਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਨਾ ਕਰਨ ਅਤੇ ਹਲਫਨਾਮੇ ਵਿਚ ਅਸਪੱਸ਼ਟ ਵੇਰਵਾ ਦੇਣ 'ਤੇ ਬੁੱਧਵਾਰ ਨੂੰ ਨਰਾਜ਼ਗੀ ਪ੍ਰਗਟਾਈ। ਸਰਬਉੱਚ ਅਦਾਲਤ ਨੇ ਸੂਬਿਆਂ ਦੇ ਹਲਫਨਾਮਿਆਂ ਤੋਂ ਅਸੰਤੁਸ਼ਟ ਹੋ ਕੇ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਤੇ ਜਸਟਿਸ ਐਨਵੀ ਅੰਜਾਰੀਆ ਦੇ ਬੈਂਚ ਨੇ ਕਿਹਾ ਕਿ ਸੂਬਿਆਂ ਦੇ ਬਿਆਨ ਹਵਾਈ ਹਨ ਅਤੇ ਉਹ ਅਸਪੱਸ਼ਟ ਬਿਆਨਬਾਜ਼ੀ ਨਹੀਂ ਕਰ ਸਕਦੇ। ਮਾਮਲੇ ਦੀ ਸੁਣਵਾਈ ਵਿਚ ਨਿਆਂਮਿੱਤਰ ਗੌਰਵ ਅੱਗਰਵਾਲ ਨੇ ਸੂਬਿਆਂ ਵੱਲੋਂ ਦਾਖ਼ਲ ਕੀਤੇ ਗਏ ਹਲਫਨਾਮਾ ਦਾ ਵੇਰਵਾ ਪੇਸ਼ ਕਰਦਿਆਂ ਖ਼ਾਮੀਆਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਸੂਬਿਆਂ ਨੇ ਸਰਬਉੱਚ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਵਿਚ ਬਹੁਤ ਕਦਮ ਚੁੱਕੇ ਹਨ ਪਰ ਹਾਲੇ ਲੰਬਾ ਰਸਤਾ ਤੈਅ ਕਰਨਾ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਪਸ਼ੂ ਜਨਮ ਨਿਯੰਤਰਣ (ਏਬੀਸੀ) ਸਹੂਲਤਾਂ ਨੂੰ ਵਧਾਉਣਾ ਪਵੇਗਾ ਤੇ ਆਵਾਰਾ ਕੁੱਤਿਆਂ ਦੀ ਨਸਬੰਦੀ ਵਿਚ ਤੇਜ਼ੀ ਲਿਆਉਣੀ ਹੋਵੇਗੀ। ਇਸ ਤੋਂ ਇਲਾਵਾ, ਕੁੱਤਿਆਂ ਦੇ ਆਸਰਾ ਸਥਾਨ ਸਥਾਪਤ ਕਰਨ ਅਤੇ ਸੰਸਥਾਗਤ ਖੇਤਰਾਂ ਦੀ ਵਾੜਬੰਦੀ ਕਰਨ ਦੀ ਲੋੜ ਹੈ ਤਾਂ ਜੋ ਉੱਥੇ ਆਵਾਰਾ ਕੁੱਤੇ ਨਾ ਜਾ ਸਕਣ। ਕੌਮੀ ਸ਼ਾਹਰਾਹਾਂ ਤੋਂ ਆਵਾਰਾ ਪਸ਼ੂਆਂ ਨੂੰ ਹਟਾਉਣਾ ਹੋਵੇਗਾ। ਅਗਰਵਾਲ ਨੇ ਸੂਬਿਆਂ ਦੇ ਹਲਫਨਾਮਿਆਂ ਦਾ ਕ੍ਰਮਵਾਰ ਵੇਰਵਾ ਦਿੱਤਾ। ਬਿਹਾਰ ਦੇ ਹਲਫਨਾਮੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਵਿਚ 34 ਏਬੀਸੀ ਕੇਂਦਰ ਹਨ, ਜਿੱਥੇ 20,648 ਕੁੱਤਿਆਂ ਦੀ ਨਸਬੰਦੀ ਕੀਤੀ ਗਈ ਹੈ ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਕ ਦਿਨ ਦੌਰਾਨ ਕਿੰਨੇ ਕੁੱਤਿਆਂ ਦੀ ਨਸਬੰਦੀ ਕੀਤੀ ਜਾ ਸਕਦੀ ਹੈ।

# ਸੋਨੇ ਦੇ ਬਦਲੇ ਗੋਲਡ ਲੋਨ ਦਾ ਆਕਾਰ ਬੀਤੇ 2 ਸਾਲਾਂ 'ਚ ਦੁੱਗਣਾ ਹੋਇਆ

ਨਵੀਂ ਦਿੱਲੀ, 29 ਜਨਵਰੀ (ਚ.ਨ.ਸ): ਸੋਨੇ ਦੀਆਂ ਕੀਮਤਾਂ ਵਿਚ ਲਗਾਤਾਰ ਤੇਜ਼ੀ ਤੇ ਸੁਰੱਖਿਅਤ ਗਾਰੰਟੀ ਦੇ ਰੂਪ ਵਿਚ ਇਸ ਦੀ ਵਧਦੀ ਲੋਕਪ੍ਰਿਯਤਾ ਕਾਰਨ ਦੇਸ਼ ਵਿਚ ਸੋਨੇ ਦੇ ਬਦਲੇ ਕਰਜ਼ੇ (ਗੋਲਡ ਲੋਨ) ਦਾ ਆਕਾਰ ਬੀਤੇ 2 ਸਾਲਾਂ ਵਿਚ ਲਗਭਗ ਦੁੱਗਣਾ ਹੋ ਕੇ ਨਵੰਬਰ 2025 ਤੱਕ 15.6 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ ਹੈ। ਇਹ ਜਾਣਕਾਰੀ ਅੱਜ ਜਾਰੀ ਕੀਤੀ ਗਈ 'ਕ੍ਰਿਫ ਹਾਈ ਮਾਰਕ' ਦੀ ਰਿਪੋਰਟ ਵਿਚ ਦਿੱਤੀ ਗਈ ਹੈ। ਰਿਪੋਰਟ ਅਨੁਸਾਰ ਨਵੰਬਰ 2025 ਤੱਕ ਦੇ ਇਕ ਸਾਲ 'ਚ ਗੋਲਡ ਲੋਨ ਵਿਚ 42 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ, ਜਦੋਂਕਿ ਪਿਛਲੇ ਸਾਲ ਨਵੰਬਰ 2024 ਤੱਕ ਇਹ ਵਾਧਾ 39 ਫੀਸਦੀ ਰਿਹਾ ਸੀ। ਇਸ ਕਾਰਨ ਨਵੰਬਰ 2023 ਵਿਚ ਇਹ ਅੰਕੜਾ 7.9 ਲੱਖ ਕਰੋੜ ਰੁਪਏ ਰਿਹਾ। **ਰਿਟੇਲ ਕਰਜ਼ਿਆਂ 'ਚ ਗੋਲਡ ਲੋਨ ਦੀ ਹਿੱਸੇਦਾਰੀ ਵਧੀ:** ਗੋਲਡ ਲੋਨ ਨੂੰ ਲੈ ਕੇ ਵਧ ਰਹੇ ਭਰੋਸੇ ਦਾ ਅਸਰ ਰਿਟੇਲ ਕਰਜ਼ਾ ਬਾਜ਼ਾਰ ਵਿਚ ਵੀ ਦਿਖਾਈ ਦੇ ਰਿਹਾ ਹੈ। ਨਵੰਬਰ 2025 ਦੇ ਅਖੀਰ ਤੱਕ ਕੁੱਲ ਰਿਟੇਲ ਕਰਜ਼ਿਆਂ ਵਿਚ ਗੋਲਡ ਲੋਨ ਦੀ ਹਿੱਸੇਦਾਰੀ ਵਧ ਕੇ 9.7 ਫੀਸਦੀ ਹੋ ਗਈ ਹੈ, ਜੋ ਕਿ ਇਕ ਸਾਲ ਪਹਿਲਾਂ 8.1 ਫੀਸਦੀ ਸੀ। **ਮਰਦ ਉਧਾਰਕਰਤਾਵਾਂ ਦੀ ਹਿੱਸੇਦਾਰੀ ਜ਼ਿਆਦਾ:** ਕੁੱਲ ਗੋਲਡ ਲੋਨ ਵਿਚ 56 ਫੀਸਦੀ ਤੋਂ ਵੱਧ ਕਰਜ਼ਾ ਮਰਦ ਉਧਾਰਕਰਤਾਵਾਂ ਵੱਲੋਂ ਲਿਆ ਗਿਆ, ਹਾਲਾਂਕਿ ਕਰਜ਼ਾ ਵਾਪਸ ਕਰਨ ਦੇ ਮਾਮਲੇ ਵਿਚ ਮਹਿਲਾ ਉਧਾਰਕਰਤਾਵਾਂ ਦੀ ਕਾਰਗੁਜ਼ਾਰੀ ਬਿਹਤਰ ਵੇਖੀ ਗਈ ਹੈ। **ਉੱਚੀਆਂ ਕੀਮਤਾਂ ਨੇ ਵਧਾਈ ਕਰਜ਼ਾ ਲੈਣ ਦੀ ਸਮਰੱਥਾ:** 'ਕ੍ਰਿਫ ਹਾਈ ਮਾਰਕ' ਅਨੁਸਾਰ ਸੋਨੇ ਦੀਆਂ ਉੱਚੀਆਂ ਕੀਮਤਾਂ ਕਾਰਨ ਉਧਾਰ ਲੈਣ ਵਾਲਿਆਂ ਦੀ ਯੋਗਤਾ ਵਧੀ ਹੈ, ਜਿਸ ਨਾਲ ਪ੍ਰਤੀ ਖਾਤਾ ਔਸਤ ਕਰਜ਼ਾ ਰਾਸ਼ੀ ਵਿਚ ਵਾਧਾ ਹੋਇਆ ਹੈ। ਹਾਲਾਂਕਿ ਸਰਗਰਮ ਗੋਲਡ ਲੋਨ ਖਾਤਿਆਂ ਦੀ ਗਿਣਤੀ ਵਿਚ ਵਾਧਾ ਤੁਲਨਾਤਮਕ ਤੌਰ 'ਤੇ ਸੀਮਤ ਰਿਹਾ ਅਤੇ ਇਸ ਵਿਚ 10.3 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ।



**ਵੱਡੇ ਟਿਕਟ ਸਾਈਜ਼ ਵਾਲੇ ਕਰਜ਼ੇ ਦਾ ਵਧਦਾ ਦਬਦਬਾ:** ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 2.5 ਲੱਖ ਰੁਪਏ ਤੋਂ ਵੱਧ ਦੇ ਗੋਲਡ ਲੋਨ ਹੁਣ ਪੋਰਟਫੋਲੀਓ ਦਾ ਲਗਭਗ 50 ਫੀਸਦੀ ਹੋ ਚੁੱਕੇ ਹਨ, ਜਦੋਂਕਿ ਮਾਰਚ 2023 'ਚ ਇਨ੍ਹਾਂ ਦੀ ਹਿੱਸੇਦਾਰੀ 36.4 ਫੀਸਦੀ ਸੀ। **ਸਰਕਾਰੀ ਬੈਂਕਾਂ ਦਾ ਦਬਦਬਾ ਬਰਕਰਾਰ:** ਬਾਜ਼ਾਰ ਹਿੱਸੇਦਾਰੀ ਦੇ ਲਿਹਾਜ਼ ਨਾਲ ਗੋਲਡ ਲੋਨ ਖੇਤਰ ਵਿਚ ਸਰਕਾਰੀ ਬੈਂਕਾਂ ਦਾ ਦਬਦਬਾ ਬਣਿਆ ਹੋਇਆ ਹੈ, ਜਿਨ੍ਹਾਂ ਦੀ ਹਿੱਸੇਦਾਰੀ ਲੱਗਭਗ 60 ਫੀਸਦੀ ਰਹੀ। ਇਸੇ ਤਰ੍ਹਾਂ ਗੋਲਡ ਲੋਨ 'ਤੇ ਕੇਂਦਰਿਤ ਐਨ. ਬੀ. ਐਫ. ਸੀ. ਦੀ ਹਿੱਸੇਦਾਰੀ 8.1 ਫੀਸਦੀ ਦਰਜ ਕੀਤੀ ਗਈ।

# ਸੰਤ ਅਤਰ ਸਿੰਘ ਜੀ ਦੀ ਬਰਸੀ ਸਬੰਧੀ ਜੋੜ ਮੇਲਾ 30 ਜਨਵਰੀ ਤੋਂ 1 ਫਰਵਰੀ ਤੱਕ



ਮਸਤੂਆਣਾ ਸਾਹਿਬ, 29 ਜਨਵਰੀ (ਚ.ਨ.ਸ): ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੀ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਤੇ ਸਾਲਾਨਾ ਜੋੜ ਮੇਲਾ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ (ਸੰਗਰੂਰ) ਵਿੱਚ 30 ਜਨਵਰੀ ਤੋਂ 1 ਫਰਵਰੀ ਤੱਕ ਅਕਾਲ ਕਾਲਜ ਕੌਂਸਲ ਅਤੇ ਸੰਤ ਸੇਵਕ ਜਥਾ ਮਸਤੂਆਣਾ ਸਾਹਿਬ ਵੱਲੋਂ ਇਲਾਕੇ ਦੀ ਸੰਗਤ ਦੇ ਸਹਿਯੋਗ ਮਨਾਏ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਆਮਦ ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਵੱਲੋਂ ਅੱਜ ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਦੀ ਅਗਵਾਈ ਹੇਠ ਐੱਸ ਪੀ ਹੈੱਡਕੁਆਰਟਰ ਰਜੇਸ਼ ਛਿੱਬਰ ਦੀ ਨਿਗਰਾਨੀ ਹੇਠ ਅਕਾਲ ਕਾਲਜ ਕੌਂਸਲ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਅਤੇ ਹੋਰ ਪ੍ਰਬੰਧਕਾਂ ਨਾਲ ਮੀਟਿੰਗ ਹੋਈ ਤੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਮੌਕੇ ਡੀ ਐੱਸ ਪੀ ਸੁਨਾਮ ਹਰਵਿੰਦਰ ਸਿੰਘ ਖਹਿਰਾ, ਡੀ ਐੱਸ ਪੀ ਤੇਜਿੰਦਰ ਸਿੰਘ, ਡੀ ਐੱਸ ਪੀ ਕਰਨੈਲ ਸਿੰਘ, ਇੰਸਪੈਕਟਰ ਰਮਨਦੀਪ ਸਿੰਘ, ਐੱਸ ਐੱਚ ਓ ਬਲਜੀਤ ਸਿੰਘ, ਚੌਕੀ ਇੰਚਾਰਜ ਗੁਰਮੇਲ ਸਿੰਘ ਭੁੱਲਰ, ਟਰੈਫਿਕ ਇੰਚਾਰਜ ਪਵਨ ਸ਼ਰਮਾ ਮੌਜੂਦ ਸਨ। ਇਸ ਮੌਕੇ ਕੌਂਸਲ ਦੇ ਸੀਨੀਅਰ ਮੈਂਬਰ ਗੁਰਜੰਟ ਸਿੰਘ ਦੁੱਗਾਂ, ਮਨਜੀਤ ਸਿੰਘ ਬਾਲੀਆਂ, ਡਾ. ਜਤਿੰਦਰ ਦੇਵ, ਡਾ. ਗੁਰਵੀਰ ਸਿੰਘ, ਮੈਨੇਜਰ ਜਸਵੀਰ ਸਿੰਘ ਨੇ ਦੱਸਿਆ ਕਿ 30 ਜਨਵਰੀ ਨੂੰ ਢਾਡੀ ਜਥਿਆਂ ਦੇ ਮੁਕਾਬਲੇ ਕਰਵਾਏ ਜਾਣਗੇ। ਦੇਰ ਸ਼ਾਮ ਨੂੰ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ, ਗੁਰਦੁਆਰਾ ਜੋਤੀ ਸਰੂਪ ਸੰਗਰੂਰ ਤੋਂ ਅਤੇ 31 ਜਨਵਰੀ ਨੂੰ ਗੁਰਦੁਆਰਾ ਖੇੜੀ ਸਾਹਿਬ ਤੋਂ ਨਗਰ ਕੀਰਤਨ ਸ਼ਹਿਰ ਸੰਗਰੂਰ ਅਤੇ ਵੱਖ ਵੱਖ ਪਿੰਡਾਂ ਵਿੱਚੋਂ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿੱਚ ਪਹੁੰਚੇਗਾ। ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਸੰਤ ਬਾਬਾ ਕਾਕਾ ਸਿੰਘ, ਸਕੱਤਰ ਜਸਵੰਤ ਸਿੰਘ ਖਹਿਰਾ ਨੇ ਦੱਸਿਆ ਕਿ 30 ਜਨਵਰੀ ਨੂੰ ਅਖੰਡ ਪਾਠ ਦੀ ਲੜੀ ਆਰੰਭ ਹੋਵੇਗੀ। 31 ਜਨਵਰੀ ਨੂੰ ਸੰਤ ਕਿਸ਼ਨ ਸਿੰਘ ਯਾਦਗਾਰੀ ਖੇਡ ਮੈਦਾਨ ਵਿੱਚ ਦੀਵਾਨ ਸਜਾਏ ਜਾਣਗੇ। ਪਹਿਲੀ ਫਰਵਰੀ ਨੂੰ ਅੰਮ੍ਰਿਤ ਵੇਲੇ ਭੋਗ ਪਾਏ ਜਾਣਗੇ।

# ਸ਼ਹਿਰ 'ਚ ਦਿਨ ਦੇ ਸਮੇਂ ਭਾਰੀ ਵਾਹਨਾਂ ਦੀ ਐਂਟਰੀ 'ਤੇ ਪਾਬੰਦੀ



ਫ਼ਿਰੋਜ਼ਪੁਰ, 29 ਜਨਵਰੀ (ਤਿਵਾੜੀ): ਵਧੀਕ ਜ਼ਿਲ੍ਹਾ ਮੈਜਿਸਟਰੇਟ ਡਾ. ਨਿਧੀ ਕੁਮੁਦ ਬੰਬਾਹ, ਪੀ.ਸੀ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਫ਼ਿਰੋਜ਼ਪੁਰ ਸ਼ਹਿਰ ਦੇ ਜ਼ੀਰਾ ਗੇਟ, ਪੁਰਾਣਾ ਕੱਚਾ ਜ਼ੀਰਾ ਰੋਡ, ਮੱਖੂ ਗੇਟ, ਮੁਲਤਾਨੀ ਗੇਟ, ਕਸੂਰੀ ਗੇਟ, ਖਾਈ ਅੱਡਾ, ਦਿੱਲੀ ਗੇਟ, ਬਗਦਾਦੀ ਗੇਟ, ਸ਼ਹੀਦ ਊਧਮ ਸਿੰਘ ਚੌਕ ਅਤੇ ਬਾਬਾ ਨਾਮ ਦੇਵ ਚੌਕ ਦੇ ਅੰਦਰ ਸਵੇਰੇ 08:00 ਵਜੇ ਤੋਂ ਸ਼ਾਮ 08:00 ਵਜੇ ਤੱਕ ਭਾਰੀ ਵਾਹਨਾਂ ਜਿਵੇਂ ਕਿ ਟਰੱਕ, ਟ੍ਰੈਕਟਰ, ਟਰਾਲੀਆਂ ਅਤੇ ਭਾਰੀ ਲੋਡ ਵਾਲੇ ਵਾਹਨਾਂ ਦੀ ਐਂਟਰੀ 'ਤੇ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਜਾਰੀ ਹੁਕਮ ਵਿਚ ਦੱਸਿਆ ਕਿ ਸੀਨੀਅਰ ਕਪਤਾਨ ਪੁਲਿਸ, ਫ਼ਿਰੋਜ਼ਪੁਰ ਵੱਲੋਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਫ਼ਿਰੋਜ਼ਪੁਰ ਸ਼ਹਿਰ ਦੇ ਜ਼ੀਰਾ ਗੇਟ, ਪੁਰਾਣਾ ਕੱਚਾ ਜ਼ੀਰਾ ਰੋਡ, ਮੱਖੂ ਗੇਟ, ਮੁਲਤਾਨੀ ਗੇਟ, ਕਸੂਰੀ ਗੇਟ, ਖਾਈ ਅੱਡਾ, ਦਿੱਲੀ ਗੇਟ, ਬਗਦਾਦੀ ਗੇਟ, ਸ਼ਹਿਦ ਊਧਮ ਸਿੰਘ ਚੌਕ ਅਤੇ ਬਾਬਾ ਨਾਮ ਦੇਵ ਚੌਕ ਆਦਿ ਇਲਾਕਿਆਂ ਵਿੱਚ ਅਕਸਰ ਟ੍ਰੈਫਿਕ ਜਾਮ ਦੀ ਸਮੱਸਿਆ ਬਣੀ ਰਹਿੰਦੀ ਹੈ। ਠੰਡ ਦੇ ਮੌਸਮ ਦੌਰਾਨ ਸ਼ਹਿਰ ਅੰਦਰ ਲੋਕਾਂ ਵੱਲੋਂ ਫੋਰ-ਵੀਲ੍ਹਰ ਵਾਹਨਾਂ ਦੀ ਵੱਧ ਵਰਤੋਂ ਕੀਤੀ ਜਾਂਦੀ ਹੈ। ਸੜਕਾਂ ਦੀ ਘੱਟ ਚੌੜਾਈ ਅਤੇ ਵਾਹਨਾਂ ਦੀ ਵੱਧ ਗਿਣਤੀ ਕਾਰਨ ਟ੍ਰੈਫਿਕ ਜਾਮ ਦੀ ਸਥਿਤੀ ਪੈਦਾ ਹੋ ਰਹੀ ਹੈ, ਜਿਸ ਨਾਲ ਆਮ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅੰਦਰ ਹਸਪਤਾਲ ਹੋਣ ਕਾਰਨ ਐਂਬੂਲੈਂਸਾਂ ਦੇ ਜਾਮ ਵਿੱਚ ਫਸਣ ਨਾਲ ਮਰੀਜ਼ਾਂ ਨੂੰ ਹਸਪਤਾਲ ਪਹੁੰਚਣ ਵਿੱਚ ਦੇਰੀ ਹੋ ਰਹੀ ਹੈ, ਜਿਸ ਨਾਲ ਦੁਰਘਟਨਾਵਾਂ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਲਈ ਇਹ ਹੁਕਮ ਜਾਰੀ ਕੀਤਾ ਗਿਆ ਹੈ। ਇਹ ਹੁਕਮ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

# ਪੁਲਿਸ ਨੂੰ ਲਾਵਾਰਿਸ ਹਾਲਤ 'ਚ ਡੋਡਾ ਚੂਰਾ ਪੋਸਤ ਬ੍ਰਾਮਦ ਹੋਇਆ

ਫਿਰੋਜ਼ਪੁਰ, 29 ਜਨਵਰੀ (ਤਿਵਾੜੀ): ਮਾਣਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ ਰੇਲਵੇ ਪੰਜਾਬ ਚੰਡੀਗੜ੍ਹ ਤੇ ਉਪਕਪਤਾਨ ਪੁਲਿਸ (ਜ਼ੋਨਲ) ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਨਸ਼ਿਆਂ ਖ਼ਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਮਿਤੀ 28-01-2026 ਨੂੰ ASI ਜਤਿੰਦਰ ਸਿੰਘ 1117/GRP ਸਮੇਤ ਪੁਲਿਸ ਪਾਰਟੀ ਭੈੜੇ ਵਾ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੇ ਸਬੰਧ ਵਿੱਚ ਰੇਲਵੇ ਸਟੇਸ਼ਨ ਫਿਰੋਜ਼ਪੁਰ ਕੈਂਟ ਮੌਜੂਦ ਸੀ ਤਾਂ ਰੇਲਵੇ ਯਾਰਡ ਏਰੀਆ ਵਿੱਚ ਇਕ ਪੀਲੇ ਰੰਗ ਦਾ ਗੱਟਾ ਪਲਾਸਟਿਕ ਲਾਵਾਰਿਸ ਹਾਲਾਤ ਵਿੱਚ ਮਿਲਿਆ, ਜਿਸਨੂੰ ਚੈੱਕ ਕਰਨ 'ਤੇ ਉਸ ਵਿੱਚੋਂ ਡੋਡਾ ਚੂਰਾ ਪੋਸਤ ਬਰਾਮਦ ਹੋਇਆ ਜਿਸਦਾ ਵਜ਼ਨ ਕਰਨ 'ਤੇ 6 ਕਿਲੋ 900 ਗ੍ਰਾਮ ਹੋਇਆ। ਜਿਸ 'ਤੇ ਮੁਕੱਦਮਾ ਨੰਬਰ 02 ਮਿਤੀ 28-01-2026 ਅ/ਧ 15/61/85 NDPS ਐਕਟ ਥਾਣਾ ਜੀ. ਆਰ.ਪੀ. ਫਿਰੋਜ਼ਪੁਰ ਬਰ ਖਿਲਾਫ ਨਾਮ ਪਤਾ ਨਾ-ਮਾਲੂਮ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।



# ਸਿਹਤ ਵਿਭਾਗ 'ਚ ਬਿਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਾਲੇ ਡਾਕਟਰ ਤੇ ਸਟਾਫ ਸਨਮਾਨਿਤ



ਫ਼ਿਰੋਜ਼ਪੁਰ, 29 ਜਨਵਰੀ (ਤਿਵਾੜੀ): ਸਿਹਤ ਵਿਭਾਗ ਵਿੱਚ ਚੰਗੀਆਂ ਸੇਵਾਵਾਂ ਲੋਕਾਂ ਨੂੰ ਪ੍ਰਦਾਨ ਕਰਨ ਵਾਲੇ ਡਾਕਟਰ, ਸਿਹਤ ਸਟਾਫ ਤੇ ਪੈਰਾ ਮੈਡੀਕਲ ਸਟਾਫ਼ ਨੂੰ ਅੱਜ ਮਾਣਯੋਗ ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਵੱਲੋਂ ਦਫ਼ਤਰ ਸਿਵਲ ਸਰਜਨ ਵਿਖੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਨਮਾਨ ਪ੍ਰਾਪਤ ਡਾਕਟਰ, ਸਿਹਤ ਸਟਾਫ ਤੇ ਪੈਰਾ ਮੈਡੀਕਲ ਸਟਾਫ ਨੂੰ ਮੁਬਾਰਕ ਦਿੱਤੀ ਤੇ ਭਵਿੱਖ ਵਿੱਚ ਹੋਰ ਵਧੀਆ ਢੰਗ ਨਾਲ ਲੋਕ ਸੇਵਾ ਵਿੱਚ ਯੋਗਦਾਨ ਲਈ ਉਤਸ਼ਾਹਿਤ ਕੀਤਾ। ਡਾ. ਰਾਜੀਵ ਪਰਾਸ਼ਰ ਸਿਵਲ ਸਰਜਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬੀਤੇ ਇਕ ਮਹੀਨੇ ਤੋਂ ਲਗਾਤਾਰ ਸਿਹਤ ਸੇਵਾਵਾਂ ਵਿੱਚ ਸੁਧਾਰ ਲਈ ਫੀਲਡ ਵਿੱਚ ਜਾ ਕੇ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਇਸ ਦੌਰਾਨ ਜੋ ਡਾਕਟਰ ਤੇ ਸਿਹਤ ਸਟਾਫ ਬਿਹਤਰੀਨ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਤੇ ਪ੍ਰੋਗਰਾਮ ਅਫ਼ਸਰ ਵੱਲੋਂ ਜਿਨ੍ਹਾਂ ਇੰਪਲਾਈਜ਼ ਦੇ ਕੰਮ 'ਤੇ ਮੋਹਰ ਲਗਾਈ ਗਈ ਉਹਨਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਮਿਆਰੀ ਪੱਧਰ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਦਿਨ ਰਾਤ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਤਹਿਤ ਉਨ੍ਹਾਂ ਵੱਲੋਂ ਲਗਾਤਾਰ ਸਿਹਤ ਕੇਂਦਰ ਦੇ ਦੌਰੇ ਕਰਕੇ ਵੱਧ ਤੋਂ ਵੱਧ ਸੁਧਾਰ ਕੀਤਾ ਜਾ ਰਿਹਾ ਹੈ ਤੇ ਮਰੀਜ਼ਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਦੀ ਸਿਹਤ, ਹਾਈ ਰਿਸਕ ਕੇਸਾਂ ਦੀ ਪਹਿਚਾਣ ਕਰਕੇ ਮੈਡੀਕਲ ਨਿਗਰਾਨੀ ਤੇ ਜਣੇਪੇ ਵੇਲੇ ਮਾਂ ਅਤੇ ਬੱਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਗਈ ਹੈ। ਉਨ੍ਹਾਂ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਵੱਧ ਤੋਂ ਵੱਧ ਜਣੇਪੇ ਸਰਕਾਰੀ ਹਸਪਤਾਲਾਂ ਵਿੱਚ ਕਰਵਾਏ ਜਾਣ ਤਾਂ ਜੋ ਮਾਂ ਅਤੇ ਬੱਚਾ ਦੋਵੇਂ ਸੁਰੱਖਿਅਤ ਰਹਿਣ। ਇਸ ਮੌਕੇ ਡਾ. ਗੁਰਮੇਜ ਰਾਮ ਡੀ.ਐਮ.ਸੀ. , ਡਾ. ਮਨਦੀਪ ਖੰਗੂਰਾ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਹਰਪ੍ਰੀਤ ਤੇ ਡਾ. ਮਨਮੀਤ ਸਕੂਲ ਹੈਲਥ ਇੰਚਾਰਜ, ਨੇਹਾ ਭੰਡਾਰੀ ਡਿਪਟੀ ਮਾਸ ਮੀਡੀਆ ਅਫ਼ਸਰ, ਹਰੀਸ਼ ਕਟਾਰੀਆ ਡੀ.ਪੀ.ਐਮ., ਵਿਕਾਸ ਕਾਲੜਾ ਪੀ ਏ ਟੂ ਸਿਵਲ ਸਰਜਨ ਹਾਜ਼ਰ ਸੀ।

# ਪੰਜਾਬ 'ਚ ਕਾਂਗਰਸ ਵੱਲੋਂ 'ਮਨਰੇਗਾ ਬਚਾਓ ਸੰਘਰਸ਼' ਦੀ ਸ਼ੁਰੂਆਤ, ਹਲਕੇ 'ਚ ਚਲਾਈ ਜਾਗਰੂਕਤਾ ਮੁਹਿੰਮ



ਫਾਜ਼ਿਲਕਾ, 29 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਵਿੱਚ ਕਾਂਗਰਸ ਪਾਰਟੀ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਨੂੰ ਬਚਾਉਣ ਲਈ 'ਮਨਰੇਗਾ ਬਚਾਓ ਸੰਘਰਸ਼' ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਮੁਹਿੰਮ ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਨੂੰ ਖ਼ਤਮ ਕਰਕੇ ਉਸ ਦੀ ਥਾਂ 'ਵਿਕਸਿਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ-ਗ੍ਰਾਮੀਣ (ਵੀ. ਬੀ. ਜੀ ਰਾਮ ਜੀ)' ਲਿਆਂਦੇ ਜਾਣ ਦੇ ਵਿਰੋਧ ਵਜੋਂ ਚਲਾਈ ਜਾ ਰਹੀ ਦੇਸ਼ ਵਿਆਪੀ ਅੰਦੋਲਨ ਦਾ ਹਿੱਸਾ ਹੈ। ਕਾਂਗਰਸ ਪਾਰਟੀ ਦਾ ਕਹਿਣਾ ਹੈ ਕਿ ਮਨਰੇਗਾ ਗਰੀਬਾਂ, ਮਜ਼ਦੂਰਾਂ ਅਤੇ ਪਿੰਡਾਂ ਵਿੱਚ ਵਸਦੇ ਬੇਰੁਜ਼ਗਾਰ ਲੋਕਾਂ ਲਈ ਰੁਜ਼ਗਾਰ ਦੀ ਇੱਕ ਅਹਿਮ ਗਾਰੰਟੀ ਹੈ, ਜਿਸ ਨੂੰ ਖ਼ਤਮ ਕਰਨਾ ਪੇਂਡੂ ਭਾਰਤ ਦੀ ਆਰਥਿਕ ਰੀੜ੍ਹ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੈ। ਇਸੇ ਕਾਰਨ ਪਾਰਟੀ ਵੱਲੋਂ ਪੂਰੇ ਪੰਜਾਬ ਵਿੱਚ ਮਨਰੇਗਾ ਬਚਾਓ ਸੰਘਰਸ਼ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸੇ ਲੜੀ ਦੇ ਤਹਿਤ ਹਲਕਾ ਫਾਜ਼ਿਲਕਾ ਤੋਂ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਮਨਰੇਗਾ ਬਚਾਓ ਸੰਘਰਸ਼ ਅਧੀਨ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਉਹਨਾਂ ਨੇ ਪਿੰਡਾਂ ਦਾ ਦੌਰਾ ਕਰਕੇ ਮਨਰੇਗਾ ਅਧੀਨ ਕੰਮ ਕਰਨ ਵਾਲੇ ਮਜ਼ਦੂਰਾਂ ਨਾਲ ਸਿੱਧਾ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਸਕੀਮ ਨਾਲ ਜੁੜੇ ਹੱਕਾਂ, ਕਾਨੂੰਨੀ ਪ੍ਰਾਵਧਾਨਾਂ ਅਤੇ ਇਸ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ। ਦੌਰੇ ਦੌਰਾਨ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਨੇ ਕਿਹਾ ਕਿ ਮਨਰੇਗਾ ਇੱਕ ਅਜਿਹੀ ਯੋਜਨਾ ਹੈ ਜੋ ਪੇਂਡੂ ਖੇਤਰਾਂ ਵਿੱਚ ਰਹਿੰਦੇ ਲੱਖਾਂ ਪਰਿਵਾਰਾਂ ਨੂੰ ਸਾਲ ਵਿੱਚ ਘੱਟੋ-ਘੱਟ 100 ਦਿਨਾਂ ਦਾ ਰੁਜ਼ਗਾਰ ਮੁਹੱਈਆ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਸਿਰਫ਼ ਰੁਜ਼ਗਾਰ ਹੀ ਨਹੀਂ, ਸਗੋਂ ਮਜ਼ਦੂਰਾਂ ਦੀ ਇੱਜ਼ਤ, ਆਤਮਨਿਰਭਰਤਾ ਅਤੇ ਜੀਵਨ ਯਾਪਨ ਨਾਲ ਵੀ ਜੁੜੀ ਹੋਈ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਦੇ ਬਜਟ ਵਿੱਚ ਕਟੌਤੀ ਕੀਤੀ ਜਾ ਰਹੀ ਹੈ ਅਤੇ ਹੁਣ ਇਸ ਨੂੰ ਖ਼ਤਮ ਕਰਕੇ ਨਵੀਂ ਯੋਜਨਾ ਲਿਆਂਦੀ ਜਾ ਰਹੀ ਹੈ, ਜੋ ਕਿ ਗਰੀਬਾਂ ਦੇ ਹਿੱਤ ਵਿੱਚ ਨਹੀਂ ਹੈ। ਘੁਬਾਇਆ ਨੇ ਕਿਹਾ ਕਿ 'ਵੀ. ਬੀ. ਜੀ ਰਾਮ ਜੀ' ਯੋਜਨਾ ਮਨਰੇਗਾ ਵਰਗੀ ਕਾਨੂੰਨੀ ਗਾਰੰਟੀ ਨਹੀਂ ਦਿੰਦੀ, ਜਿਸ ਨਾਲ ਮਜ਼ਦੂਰਾਂ ਦੇ ਹੱਕ ਖ਼ਤਰੇ ਵਿੱਚ ਪੈ ਸਕਦੇ ਹਨ।

# ਕੈਂਸਰ ਦੀ ਸ਼ੁਰੂਆਤੀ ਪਛਾਣ ਲਈ ਸਿਹਤ ਕੈਂਪ 1 ਨੂੰ



ਅਮਲੋਹ, 29 ਜਨਵਰੀ (ਜਸਵੰਤ ਸਿੰਘ): ਭਾਰਤ ਵਿਕਾਸ ਪ੍ਰੀਸ਼ਦ ਅਮਲੋਹ ਵੱਲੋਂ ਕੈਂਸਰ ਤੋਂ ਬਚਾਅ ਲਈ ਵਿਸ਼ਾਲ ਸਿਹਤ ਕੈਂਪ 1 ਫ਼ਰਵਰੀ ਨੂੰ ਲਗਾਇਆ ਜਾ ਰਿਹਾ ਹੈ। ਪ੍ਰੀਸ਼ਦ ਦੇ ਪ੍ਰਧਾਨ ਬ੍ਰਿਜ ਭੂਸ਼ਨ ਗਰਗ ਨੇ ਕਿਹਾ ਕਿ ਕੈਂਸਰ ਵਿਰੁੱਧ ਜੰਗ ਵਿੱਚ ਸਭ ਤੋਂ ਵੱਡਾ ਹਥਿਆਰ 'ਸਮੇਂ ਸਿਰ ਜਾਂਚ' ਹੈ ਕਿਉਂਕਿ ਅਵੇਸਲਾਪਨ ਅਕਸਰ ਜਾਨਲੇਵਾ ਸਾਬਤ ਹੁੰਦਾ ਹੈ। ਇਸੇ ਮਨੋਰਥ ਦੀ ਪੂਰਤੀ ਲਈ 1 ਫਰਵਰੀ ਨੂੰ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਿੱਚ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਦੇ ਮਾਹਰ ਡਾਕਟਰਾਂ ਦੀ ਦੇਖ-ਰੇਖ ਹੇਠ, ਐਸ.ਬੀ.ਆਈ. ਕਾਰਡਸ ਤੇ ਪੇਮੈਂਟ ਸਰਵਿਸ ਲਿਮਟਿਡ ਦੇ ਸਹਿਯੋਗ ਨਾਲ ਵਿਸ਼ਾਲ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਡਾਕਟਰਾਂ ਦੀ ਵਿਸ਼ੇਸ਼ ਟੀਮ ਵੱਲੋਂ ਲੋਕਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ। ਇਸ ਦੌਰਾਨ ਔਰਤਾਂ ਵਿੱਚ ਵੱਧ ਰਹੇ ਬ੍ਰੈਸਟ ਕੈਂਸਰ ਦੀ ਪਛਾਣ ਲਈ ਮੈਮੋਗ੍ਰਾਫੀ ਵਰਗੀ ਮਹਿੰਗੀ ਸਹੂਲਤ ਸਮੇਤ ਮੂੰਹ, ਗਲੇ ਅਤੇ ਬਲੱਡ ਕੈਂਸਰ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਆਉਣ ਵਾਲੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਸੁਸਾਇਟੀ ਦੇ ਪ੍ਰੈਸ ਸਕੱਤਰ ਜਰਨੈਲ ਸਿੰਘ ਸਹੋਤਾ ਨੇ ਕਿਹਾ ਕਿ ਅਕਸਰ ਜਾਣਕਾਰੀ ਦੀ ਘਾਟ ਕਾਰਨ ਸਾਡੇ ਆਪਣੇ ਉਦੋਂ ਹਸਪਤਾਲ ਪਹੁੰਚਦੇ ਹਨ ਜਦੋਂ ਹੱਥਾਂ ਵਿੱਚੋਂ ਰੇਤ ਵਾਂਗ ਵੇਲਾ ਨਿਕਲ ਚੁੱਕਿਆ ਹੁੰਦਾ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਕੈਂਪ ਵਿਚ ਆਪਣੇ ਪਰਿਵਾਰ ਦੀ ਸਲਾਮਤੀ ਲਈ ਇਸ ਦਾ ਹਿੱਸਾ ਜ਼ਰੂਰ ਬਣਨ।

# ਐਸਡੀਐਮ/ਆਰਟੀਓ ਦੀ ਪ੍ਰਧਾਨਗੀ ਹੇਠ ਕੌਮੀ ਸੜਕ ਸੁਰੱਖਿਆ ਮਹੀਨਾ ਤਹਿਤ ਅਧਿਕਾਰੀਆਂ ਨਾਲ ਮੀਟਿੰਗ




ਫਾਜ਼ਿਲਕਾ, 29 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਐੱਸ.ਡੀ.ਐੱਮ-ਕਮ-ਆਰ.ਟੀ.ਓ ਫਾਜ਼ਿਲਕਾ ਮੈਡਮ ਵੀਰਪਾਲ ਕੌਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮਨਾਏ ਜਾ ਰਹੇ ਕੌਮੀ ਸੜਕ ਸੁਰੱਖਿਆ ਮਹੀਨਾ ਤਹਿਤ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਸੜਕੀ ਦੁਰਘਟਨਾਵਾਂ 'ਤੇ ਠੱਲ ਪਾਉਣ ਲਈ ਵੱਖ-ਵੱਖ ਵਿਭਾਗਾਂ ਵੱਲੋਂ ਤੇਜ਼ੀ ਲਿਆਉਂਦਿਆਂ ਹੋਰ ਜਾਗਰੂਕਤਾ ਗਤੀਵਿਧੀਆਂ ਉਲੀਕੀਆਂ ਜਾਣ। ਐੱਸ.ਡੀ.ਐੱਮ/ਆਰਟੀਓ ਮੈਡਮ ਵੀਰਪਾਲ ਕੌਰ ਨੇ ਕਿਹਾ ਕਿ ਕੌਮੀ ਸੜਕ ਸੁਰੱਖਿਆ ਮਹੀਨਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਵੱਖ-ਵੱਖ ਵਿਭਾਗ ਆਪੋ-ਆਪਣੇ ਵਿਭਾਗ ਨਾਲ ਸਬੰਧਤ ਗਤੀਵਿਧੀਆਂ ਕਰਦੇ ਹੋਏ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ ਤਾਂ ਜੋ ਸੜਕੀ ਹਾਦਸਿਆਂ ਨੂੰ ਠੱਲ ਪਾਈ ਜਾ ਸਕੇ। ਉਨ੍ਹਾਂ ਟਰੈਫਿਕ ਵਿਭਾਗ ਦੇ ਇੰਚਾਰਜਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਟਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਵੀ ਯਤਨਸ਼ੀਲ ਰਹਿਣ ਤੇ ਆਉਣ ਜਾਣ ਵਾਲੇ ਲੋਕਾਂ ਨੂੰ ਸੜਕੀ ਨਿਯਮਾਂ ਬਾਰੇ ਜਾਗਰੂਕ ਕਰਨ। ਉਨ੍ਹਾਂ ਅੱਗੇ ਕਿਹਾ ਕਿ ਬਲੈਕ ਸਪੌਟਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਥਾਵਾਂ 'ਤੇ ਸਾਈਨ ਬੋਰਡ/ਲਾਈਟਾਂ ਆਦਿ ਲਗਾਏ ਜਾਣਗੇ ਤਾਂ ਜੋ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਨੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਵਾਹਨ ਚਲਾਉਂਦੇ ਸਮੇਂ ਸੜਕ ਸੁਰੱਖਿਆਂ ਨਿਯਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ। ਇਸ ਮੌਕੇ ਏ.ਟੀ.ਓ ਸੁਖਚਰਨ ਸਿੰਘ, ਡਾ. ਪੰਕਜ ਚੌਹਾਨ, ਟਰਾਂਸਪੋਰਟ ਵਿਭਾਗ ਤੋਂ ਪ੍ਰਾਨ, ਰੈਡ ਕਰਾਸ ਸੋਸਾਇਟੀ ਤੋਂ ਸੰਜੀਵ ਸੇਠੀ, ਸੁਭਾਸ਼, ਪੁਲਿਸ ਵਿਭਾਗ, ਟ੍ਰੈਫਿਕ ਵਿਭਾਗ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਭੋਗਪੁਰ ਜੀਟੀ ਰੋਡ 'ਤੇ ਖੜ੍ਹਦੀਆਂ ਬੱਸਾਂ ਦੇ ਕੱਟੇ ਚਲਾਨ



ਭੋਗਪੁਰ, 29 ਜਨਵਰੀ (ਅਮਰਜੀਤ ਸਿੰਘ ਸੈਣੀ ਜੰਡੀਰ): ਹਲਕਾ ਆਦਮਪੁਰ ਦੇ ਭੋਗਪੁਰ ਵਿੱਚ ਲਗਾਤਾਰ ਹਾਦਸੇ ਵਾਪਰ ਰਹੇ ਸਨ ਤੇ ਰੋਜ਼ਾਨਾ ਹੀ ਚੜ੍ਹਦੀਕਲਾ 'ਤੇ ਖਬਰਾਂ ਲੱਗ ਰਹੀਆਂ ਸਨ, ਦਾ ਅੱਜ ਅਸਰ ਹੁੰਦਾ ਨਜ਼ਰ ਆਇਆ ਹੈ। ਥਾਣਾ ਭੋਗਪੁਰ ਦੇ ਇੰਚਾਰਜ ਇੰਸਪੈਕਟਰ ਸ੍ਰੀ ਰਾਜੇਸ਼ ਕੁਮਾਰ ਆਪਣੀ ਟੀਮ ਨਾਲ ਖੁਦ ਉਸ ਜਗ੍ਹਾ 'ਤੇ ਖਲੋ ਗਏ, ਜਿੱਥੇ ਬੱਸਾਂ ਦੇ ਡਰਾਈਵਰ ਜੀਟੀ ਰੋਡ 'ਤੇ ਬੱਸਾਂ ਖੜ੍ਹੀਆਂ ਕਰਿਆ ਕਰਦੀਆਂ ਸਨ। ਇੰਸਪੈਕਟਰ ਰਾਜੇਸ਼ ਕੁਮਾਰ ਨੇ ਸਖਤੀ ਨਾਲ ਆਪਣੇ ਫਰਜ਼ ਨੂੰ ਨਿਭਾਉਂਦੇ ਹੋਏ ਹੁਣ ਤੱਕ ਚਾਰ ਬੱਸਾਂ ਦੇ ਚਲਾਨ ਕੱਟ ਚੁੱਕੇ ਸਨ ਅਤੇ ਅੱਗੇ ਤੋਂ ਵੀ ਲਗਾਤਾਰ ਕਾਰਵਾਈ ਜਾਰੀ ਸੀ ਕੋਈ ਵੀ ਗੱਡੀ ਜੀਟੀ ਰੋਡ 'ਤੇ ਖੜ੍ਹੀ ਹੁੰਦੀ ਸੀ ਤਾਂ ਵੱਡੇ ਚਲਾਨ ਕੱਟੇ ਜਾ ਰਹੇ ਸਨ ਇੰਸਪੈਕਟਰ ਰਾਜੇਸ਼ ਕੁਮਾਰ ਨੇ ਕਿਹਾ ਕਿ ਜੀਟੀ ਰੋਡ 'ਤੇ ਜਾਮ ਨਹੀਂ ਲੱਗਣ ਦਿੱਤਾ ਜਾਵੇਗਾ। ਕੋਈ ਵੀ ਡਰਾਈਵਰ ਮੁਲਾਜ਼ਮਾਂ ਦਾ ਕਹਿਣਾ ਨਹੀਂ ਮੰਨੇਗਾ ਤਾਂ ਉਸ ਦੀ ਗੱਡੀ ਬੋਂਡ ਕੀਤੀ ਜਾਵੇਗੀ ਅਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ।

# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਪਰਿਵਾਰਾਂ ਨੂੰ ਦਿੱਤੇ ਆਰਥਿਕ ਸਹਾਇਤਾ ਦੇ ਮਹੀਨਾਵਾਰ ਚੈੱਕ



ਮੱਲਾਂ ਵਾਲਾ, 29 ਜਨਵਰੀ (ਹਰਪਾਲ ਸਿੰਘ ਖਾਲਸਾ): ਸੇਵੀਅਰ ਸਿੰਘ ਵੱਜੋਂ ਜਾਣੇ ਜਾਂਦੇ ਦੁਬੱਈ ਦੇ ਉਘੇ ਕਾਰੋਬਾਰੀ ਅਤੇ ਸਮਾਜ ਸੇਵੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਦੀ ਅਗਵਾਈ ਵਿੱਚ ਮੱਲਾਂ ਵਾਲਾ ਵਿਖੇ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਮੱਲਾਂ ਵਾਲਾ ਇਲਾਕੇ ਨਾਲ ਸਬੰਧਤ 36 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ 27 ਹਜ਼ਾਰ ਰੁਪਏ ਦੇ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਮੁੱਖ ਮਹਿਮਾਨ ਵਜੋਂ ਪਹੁੰਚੇ ਸ਼੍ਰੀ ਰਾਕੇਸ਼ ਕੁਮਾਰ ਜੇ ਈ ਮੱਲਾਂ ਵਾਲਾ, ਸੰਸਥਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜ਼ਿਲ੍ਹਾ ਕੈਸ਼ੀਅਰ ਵਿਜੈ ਕੁਮਾਰ ਬਹਿਲ ਸਮੇਤ ਹੋਰ ਟੀਮ ਮੈਂਬਰਾਂ ਵੱਲੋਂ ਵੰਡੇ ਗਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਅਤੇ ਜ਼ਿਲ੍ਹਾ ਸਲਾਹਕਾਰ ਤੇ ਇੰਚਾਰਜ ਜੀਰਾ ਰਣਜੀਤ ਸਿੰਘ ਰਾਏ ਤੇ ਮੈਂਬਰ ਮਹਾਂਵੀਰ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ। ਸੰਸਥਾ ਵੱਲੋਂ 'ਹੜ੍ਹ ਪ੍ਰਭਾਵਿਤ ਵਿਆਹ ਯੋਜਨਾ' ਤਹਿਤ ਹੜ੍ਹ ਪ੍ਰਭਾਵਿਤ ਪਿੰਡਾਂ ਦੀਆਂ ਧੀਆਂ ਦੇ ਵਿਆਹਾਂ ਦਾ ਕਾਰਜ ਲਗਾਤਾਰ ਜਾਰੀ ਹੈ।

# ਜਨ ਕਲਿਆਣ ਫਾਊਂਡੇਸ਼ਨ ਨੇ ਗਣਤੰਤਰ ਦਿਵਸ 'ਤੇ ਝੰਡਾ ਲਹਿਰਾਇਆ

ਮੰਡੀ ਗੋਬਿੰਦਗੜ੍ਹ, 29 ਜਨਵਰੀ (ਸੂਦ): ਸਮਾਜ ਸੇਵੀ ਸੰਸਥਾ ਜਨ ਕਲਿਆਣ ਫਾਊਂਡੇਸ਼ਨ (ਰਜਿ.) ਦੇ ਮੈਂਬਰਾਂ ਨੇ 77ਵੇਂ ਗਣਤੰਤਰ ਦਿਵਸ ਦੇ ਮੌਕੇ 'ਤੇ ਰਾਸ਼ਟਰੀ ਗੀਤ ਦੀ ਧੁੰਨ 'ਤੇ ਬੱਸ ਸਟੈਂਡ 'ਤੇ ਝੰਡਾ ਲਹਿਰਾਇਆ। ਇਸ ਮੌਕੇ ਏਐਸਆਈ ਕਰਮਜੀਤ ਸਿੰਘ, ਕਾਂਸਟੇਬਲ ਜਤਿੰਦਰ ਸਿੰਘ ਸੋਢੀ, ਕਾਂਸਟੇਬਲ ਕਿਰਨਜੀਤ ਸਿੰਘ ਅਤੇ ਲੇਡੀ ਕਾਂਸਟੇਬਲ ਚਰਨਜੀਤ ਕੌਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸੰਸਥਾ ਦੇ ਮੈਂਬਰਾਂ ਨੇ ਪ੍ਰੋਜੈਕਟ ਚੇਅਰਮੈਨ ਹਰਸ਼ੁਲ ਸ਼ਰਮਾ, ਸਹਿ-ਚੇਅਰਮੈਨ ਪਰਮਜੀਤ ਸਿੰਘ, ਪ੍ਰਦੀਪ ਸਿੰਘ ਤੇ ਸਤਨਾਮ ਸਿੰਘ ਦੀ ਅਗਵਾਈ ਹੇਠ 77ਵੇਂ ਗਣਤੰਤਰ ਦਿਵਸ ਦੀ ਖੁਸ਼ੀ ਵਿੱਚ ਲੱਡੂ ਵੰਡਦੇ ਹੋਏ ਮਨਾਇਆ। ਬੱਸ ਸਟੈਂਡ ਰਿਕਸ਼ਾ ਚਾਲਕਾਂ ਵੱਲੋਂ ਖੀਰ ਤੇ ਗਰਮ ਦੁੱਧ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਡਾ. ਅਮਿਤ ਸੰਦਲ ਅਤੇ ਚੇਅਰਮੈਨ ਰਾਜਿੰਦਰ ਗੋਇਲ ਨੇ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਭਾਰਤ ਵਿਸ਼ਵ ਨੇਤਾ ਬਣਨ ਵੱਲ ਵੱਧ ਰਿਹਾ ਹੈ। ਦੇਸ਼ ਦੇ ਵਿਕਾਸ ਵਿੱਚ ਹਰ ਧਰਮ ਅਤੇ ਵਰਗ ਦੇ ਲੋਕ ਯੋਗਦਾਨ ਪਾ ਰਹੇ ਹਨ। ਭਾਰਤੀ ਮੂਲ ਦੇ ਲੋਕ ਵਿਸ਼ਵ ਪੱਧਰ 'ਤੇ ਸਫਲਤਾ ਦਾ ਝੰਡਾ ਲਹਿਰਾ ਰਹੇ ਹਨ। ਸਟੇਜ ਪ੍ਰਬੰਧਨ ਅਤੇ ਝੰਡਾ ਲਹਿਰਾਉਣ ਦੀ ਮੁੱਖ ਰਸਮ ਜਨਰਲ ਸਕੱਤਰ ਹਰਪਾਲ ਸਿੰਘ ਨੇ ਸੰਭਾਲੀ। ਇਸ ਮੌਕੇ ਡਾ. ਅਮਿਤ ਸੰਦਲ, ਚੇਅਰਮੈਨ ਰਾਜੇਂਦਰ ਗੋਇਲ, ਜਨਰਲ ਸਕੱਤਰ ਹਰਪਾਲ ਸਿੰਘ, ਪਰਮਜੀਤ ਸਿੰਘ, ਪ੍ਰਦੀਪ ਸਿੰਘ, ਸਤਨਾਮ ਸਿੰਘ, ਹਰਸ਼ੁਲ ਸ਼ਰਮਾ, ਲਖਦਾਤਰੀ ਸ਼ਿਆਮ ਮੰਦਰ ਦੇ ਅੰਕੁਰ ਗਰਗ, ਪਰਿਆਵਰਣ ਸੰਰਕਸ਼ਣ ਗਤੀਵਿਧੀ ਦੇ ਐਡਵੋਕੇਟ ਸੰਦੀਪ ਕਸ਼ਯਪ, ਹਰੀਸ਼ ਸਿੰਗਲਾ, ਮਨੋਜ ਕੁਮਾਰ ਵਰਮਾ, ਮਨੀਸ਼ ਗੁਪਤਾ, ਰਵਿੰਦਰ ਗੁਪਤਾ, ਪਵਨ ਜਲੂਰੀਆ, ਮੁਹੰਮਦ ਸ਼ਫੀ, ਗੁਲਜ਼ਾਰ ਮੁਹੰਮਦ, ਮਦਨ ਲਾਲ, ਕਾਲੂ ਬਾਬਾ, ਬਲਦੇਵ ਸਿੰਘ, ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਇਕਬਾਲ ਸਿੰਘ ਧੀਮਾਨ, ਸੁਖਵਿੰਦਰ ਸਿੰਘ, ਰਾਜੇਸ਼ ਧਵਨ, ਡਾ. ਅਜੇ ਬਾਂਸਲ, ਰਾਜੇਂਦਰ ਸਿੰਘ, ਜਸਵਿੰਦਰ ਸਿੰਘ, ਵਰਿੰਦਰ ਸਿੰਘ, ਹਰਜੋਤ ਸਿੰਘ ਮੌਜੂਦ ਸਨ।




# ਓਮ ਪ੍ਰਕਾਸ਼ ਬਾਂਸਲ ਸਕੂਲ ਨੇ ਗਣਤੰਤਰ ਦਿਵਸ ਮਨਾਇਆ



ਮੰਡੀ ਗੋਬਿੰਦਗੜ੍ਹ, 29 ਜਨਵਰੀ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਨੇ 77ਵੇਂ ਗਣਤੰਤਰ ਦਿਵਸ ਨੂੰ ਉਤਸ਼ਾਹ ਨਾਲ ਮਨਾਇਆ। ਪਹਿਲੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ, ਅਧਿਆਪਕ ਤੇ ਸਟਾਫ਼ ਦੀ ਮੌਜੂਦਗੀ ਵਿੱਚ ਪੂਰਾ ਸਕੂਲ ਕੈਂਪਸ ਦੇਸ਼ ਭਗਤੀ ਨਾਲ ਭਰਿਆ ਹੋਇਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਸੰਗੀਤਾ ਸ਼ਰਮਾ ਵਲੋਂ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ। ਉਪਰੰਤ ਸਕੂਲ ਦੇ ਪਾਈਪ ਬੈਂਡ ਨੇ ਇੱਕ ਅਨੁਸ਼ਾਸਿਤ ਤੇ ਮਨਮੋਹਕ ਪ੍ਰਦਰਸ਼ਨ ਪੇਸ਼ ਕੀਤਾ, ਜਿਸ ਨੂੰ ਮਾਰਚ ਪਾਸਟ ਦੁਆਰਾ ਹੋਰ ਵੀ ਵਧਾਇਆ। ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਤੇ ਭਾਸ਼ਨ ਆਦਿ ਕੀਤੇ ਗਏ। ਇਸ ਮੌਕੇ ਵਿਦਿਆਰਥੀਆਂ ਦੀਆਂ ਰਚਨਾਤਮਕ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਲਈ ਕਲਾਸ-ਵਾਰ ਗਤੀਵਿਧੀਆਂ ਵੀ ਕੀਤੀਆਂ ਗਈਆਂ। ਪਹਿਲੀ ਤੇ ਦੂਜੀ ਜਮਾਤ ਦੇ ਨੌਜਵਾਨ ਵਿਦਿਆਰਥੀਆਂ ਨੇ ਤਿਰੰਗੇ, ਰਾਸ਼ਟਰੀ ਚਿੰਨ੍ਹਾਂ 'ਤੇ ਦੇਸ਼ ਭਗਤੀ ਨੂੰ ਦਰਸਾਉਂਦੀਆਂ ਦਸਤਕਾਰੀ ਤਿਆਰ ਕਰਕੇ ਪ੍ਰੋਗਰਾਮ ਦੇ ਰੰਗੀਨ ਮਾਹੌਲ ਨੂੰ ਹੋਰ ਵਧਾਇਆ। ਇਸ ਮੌਕੇ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਰਿਦਮ ਸ਼ਰਮਾ ਨੂੰ ਰਾਸ਼ਟਰੀ ਵੇਟਲਿਫਟਿੰਗ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਤੇ ਖੇਲੋ ਇੰਡੀਆ ਅਧੀਨ ਆਯੋਜਿਤ ਆਲ ਇੰਡੀਆ ਵੇਟਲਿਫਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਣ ਲਈ ਸਨਮਾਨਿਤ ਕੀਤਾ ਗਿਆ। ਡਾ. ਦੀਪਿਕਾ ਗੁਪਤਾ ਨੇ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਵਿਧਾਨ ਦੇ ਮੁੱਲਾਂ ਨੂੰ ਅਪਣਾਉਣ ਤੇ ਅਨੁਸ਼ਾਸਨ ਤੇ ਸਮਰਪਣ ਨਾਲ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਸੰਜਮ ਵਿੱਚ ਕੌਫੀ ਪੀਣਾ ਜਿਗਰ ਲਈ ਹੋ ਸਕਦੈ ਲਾਭਦਾਇਕ

ਕੌਫੀ ਅੱਜ-ਕੱਲ੍ਹ ਜ਼ਿਆਦਾਤਰ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਗਈ ਹੈ। ਭਾਵੇਂ ਸਵੇਰ ਦੀ ਜਲਦੀ ਸ਼ੁਰੂਆਤ ਹੋਵੇ ਜਾਂ ਕੰਮ ਤੋਂ ਜਲਦੀ ਬ੍ਰੇਕ, ਇੱਕ ਕੱਪ ਕੌਫੀ ਤੁਰੰਤ ਊਰਜਾ ਪ੍ਰਦਾਨ ਕਰਦੀ ਹੈ। ਕਈ ਅਧਿਐਨਾਂ ਨੇ ਇਹ ਵੀ ਦਿਖਾਇਆ ਹੈ ਕਿ ਸੰਜਮ ਵਿੱਚ ਕੌਫੀ ਪੀਣਾ ਜਿਗਰ ਲਈ ਲਾਭਦਾਇਕ ਹੋ ਸਕਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਬਹੁਤ ਜ਼ਿਆਦਾ ਜਾਂ ਗਲਤ ਸਮੇਂ 'ਤੇ ਪੀਣਾ ਸਿਹਤ ਲਈ ਨੁਕਸਾਨਦੇਹ ਵੀ ਹੋ ਸਕਦਾ ਹੈ ?



**ਦਿਮਾਗ 'ਤੇ ਪ੍ਰਭਾਵ :** ਲੋਕ ਅਕਸਰ ਸਰਗਰਮ ਰਹਿਣ ਅਤੇ ਨੀਂਦ ਤੋਂ ਬਚਣ ਲਈ ਕੌਫੀ ਪੀਂਦੇ ਹਨ। ਹਾਲਾਂਕਿ, ਜਦੋਂ ਥਕਾਵਟ ਦੇ ਬਾਵਜੂਦ ਜਾਗਦੇ ਰਹਿਣ ਲਈ ਕੌਫੀ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਹ ਦਿਮਾਗ ਦੇ ਗ੍ਰੇ ਮੈਟਰ ਨੂੰ ਘਟਾ ਸਕਦੀ ਹੈ। ਇਸਦਾ ਮਤਲਬ ਹੈ ਕਿ ਦਿਮਾਗ ਨੂੰ ਤਣਾਅ ਅਤੇ ਥਕਾਵਟ ਤੋਂ ਠੀਕ ਹੋਣ ਵਿੱਚ ਵਧੇਰੇ ਮੁਸ਼ਕਲ ਆਉਂਦੀ ਹੈ।ਇਸ ਤੋਂ ਇਲਾਵਾ, ਕੈਫੀਨ ਨੀਂਦ ਲਿਆਉਣ ਵਾਲੇ ਹਾਰਮੋਨ ਨੂੰ ਲਗਭਗ 12 ਘੰਟਿਆਂ ਲਈ ਰੋਕ ਸਕਦਾ ਹੈ। ਇਸ ਨਾਲ ਡੂੰਘੀ, ਆਰਾਮਦਾਇਕ ਨੀਂਦ ਦੀ ਘਾਟ ਹੋ ਸਕਦੀ ਹੈ, ਜਿਸ ਨਾਲ ਮਨ ਲੰਬੇ ਸਮੇਂ ਲਈ ਭਾਰੀ ਜਾਂ ਸੁਸਤ ਮਹਿਸੂਸ ਕਰ ਸਕਦਾ ਹੈ।

**ਭਾਰ ਵਧਣ ਦਾ ਖ਼ਤਰਾ :** ਹਾਲਾਂਕਿ ਕੌਫੀ ਨੂੰ ਘੱਟ ਕੈਲੋਰੀ ਵਾਲਾ ਪੀਣ ਵਾਲਾ ਪਦਾਰਥ ਮੰਨਿਆ ਜਾਂਦਾ ਹੈ ਅਤੇ ਇਹ ਭਾਰ ਘਟਾਉਣ ਵਿੱਚ ਮਦਦ ਕਰ ਸਕਦਾ ਹੈ, ਪਰ ਬਹੁਤ ਜ਼ਿਆਦਾ ਸੇਵਨ ਵੀ ਭਾਰ ਵਧਣ ਦਾ ਕਾਰਨ ਬਣ ਸਕਦਾ ਹੈ। ਜਦੋਂ ਕਿ ਇੱਕ ਕੱਪ ਕੌਫੀ ਮੈਟਾਬੋਲਿਜ਼ਮ ਨੂੰ ਥੋੜ੍ਹਾ ਵਧਾਉਂਦੀ ਹੈ, ਇੱਕ ਦਿਨ ਵਿੱਚ ਚਾਰ ਜਾਂ ਵੱਧ ਕੱਪ ਪੀਣ ਨਾਲ ਪੇਟ ਦੀ ਚਰਬੀ ਅਤੇ ਮੈਟਾਬੋਲਿਜ਼ਮ ਸੰਬੰਧੀ ਸਮੱਸਿਆਵਾਂ ਦਾ ਖ਼ਤਰਾ ਵਧ ਸਕਦਾ ਹੈ।

**ਹਾਰਮੋਨਸ ਅਤੇ ਚਮੜੀ 'ਤੇ ਪ੍ਰਭਾਵ ;** ਕੌਫੀ ਤੁਹਾਡੇ ਹਾਰਮੋਨਸ ਅਤੇ ਚਮੜੀ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਕੌਫੀ ਤਣਾਅ ਹਾਰਮੋਨ ਕੋਰਟੀਸੋਲ ਨੂੰ ਵਧਾਉਂਦੀ ਹੈ। ਇਸ ਨਾਲ ਬਾਲਗਾਂ ਵਿੱਚ ਮੁਹਾਸੇ ਹੋ ਸਕਦੇ ਹਨ ਅਤੇ ਚਮੜੀ ਦੀ ਲਚਕਤਾ ਘੱਟ ਸਕਦੀ ਹੈ, ਜਿਸ ਨਾਲ ਸਮੇਂ ਤੋਂ ਪਹਿਲਾਂ ਬੁਢਾਪਾ ਆ ਸਕਦਾ ਹੈ।

**ਜ਼ਰੂਰੀ ਪੌਸ਼ਟਿਕ ਤੱਤਾਂ ਦੀ ਕਮੀ ;** ਕੌਫੀ ਸਰੀਰ ਨੂੰ ਜ਼ਰੂਰੀ ਪੌਸ਼ਟਿਕ ਤੱਤਾਂ, ਜਿਵੇਂ ਕਿ ਕੈਲਸ਼ੀਅਮ ਅਤੇ ਆਇਰਨ, ਦੀ ਕਮੀ ਕਰ ਸਕਦੀ ਹੈ। ਇਹ ਅੰਤੜੀਆਂ ਵਿੱਚ ਪੌਸ਼ਟਿਕ ਤੱਤਾਂ ਦੇ ਸਹੀ ਸਮਾਈ ਨੂੰ ਰੋਕਦਾ ਹੈ ਅਤੇ ਪਿਸ਼ਾਬ ਰਾਹੀਂ ਉਨ੍ਹਾਂ ਦੇ ਨਿਕਾਸ ਨੂੰ ਉਤਸ਼ਾਹਿਤ ਕਰਦਾ ਹੈ, ਖਾਸ ਕਰਕੇ ਜਦੋਂ ਵੱਡੀ ਮਾਤਰਾ ਵਿੱਚ ਜਾਂ ਭੋਜਨ ਤੋਂ ਤੁਰੰਤ ਬਾਅਦ ਖਪਤ ਕੀਤੀ ਜਾਂਦੀ ਹੈ।

### ਭਾਈ ਲਖਵਿੰਦਰ ਸਿੰਘ ਨੇ ਨਵੀਂ ਗੁਰਮਤਿ ਵਿਦਿਆ ਦੇਣ ਵਾਲੀ ਇਮਾਰਤ ਦਾ ਕੀਤਾ ਦੌਰਾ

# ਸਮੁੱਚਾ ਪਰਿਵਾਰ ਬੱਚਿਆਂ ਨੂੰ ਗੁਰਮਿਤ ਸਿੱਖਿਆ ਦੇਣ ਦੇ ਉਪਰਾਲਿਆਂ ਲਈ ਵਚਨਬੱਧ : 'ਪਦਮਸ੍ਰੀ ' ਡਾ. ਜਗਜੀਤ ਸਿੰਘ ਦਰਦੀ



ਪਟਿਆਲਾ, 29 ਜਨਵਰੀ (ਗੁਰਮੁਖ ਰੁਪਾਣਾ) : ਅੱਜ ਇਥੇ ਬਹਾਦਰਗੜ੍ਹ ਘਨੌਰ ਰੋਡ ਗਿਆਨ ਕਲੋਨੀ ਸੱਚਖੰਡ ਇੰਕਲੇਵ ਪਿੰਡ ਭੱਠਲਾਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਪਰਿਵਾਰ ਦੇ ਬੱਚਿਆਂ ਨੂੰ ਗੁਰਮਿਤ ਵਿਦਿਆ ਦੇਣ ਲਈ ਬਣਨ ਵਾਲੀ ਨਵੀਂ ਇਮਾਰਤ ਵਾਲੀ ਜਗ੍ਹਾ ਦਾ ਦੌਰਾ ਕਰਨ ਲਈ ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਉਹਨਾਂ ਦੇ ਨਾਲ ਹੋਰ ਸ਼ਖਸ਼ੀਅਤਾਂ ਪੁੱਜੀਆਂ। ਇਸ ਮੌਕੇ ਉਹਨਾਂ ਦੇ ਨਾਲ ਡਾ ਪਦਮਸ੍ਰੀ ਜਗਜੀਤ ਸਿੰਘ ਦਰਦੀ, ਭਾਈ ਜੋਗਿੰਦਰ ਸਿੰਘ, ਭਾਈ ਮਨੀ ਸਿੰਘ ਤਰਨਾ ਦਲ ਵੱਲੋਂ ਰਾਜ ਸਿੰਘ ਖਾਲਸਾ, ਪ੍ਰਭਜੀਤ ਸਿੰਘ ਚੌਧਰੀ ਸਮੇਤ ਹੋਰ ਕਈ ਨੁਮਾਇੰਦੇ ਮੌਜੂਦ ਸਨ। ਇਸ ਮੌਕੇ ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਦੱਸਿਆ ਕਿ ਇਸ ਜਗ੍ਹਾ ਦੇ ਉੱਪਰ ਜੋ ਗੁਰੂ ਗੋਬਿੰਦ ਸਿੰਘ ਪਰਿਵਾਰ ਦੇ ਬੱਚਿਆਂ ਨੂੰ ਮੁਫਤ ਗੁਰਮਤ ਸਿੱਖਿਆ ਦੇਣ ਦੀ ਅਕੈਡਮੀ ਬਣ ਰਹੀ ਹੈ। ਇਹ ਅਕੈਡਮੀ 2017 ਤੋਂ ਪਟਿਆਲਾ ਦੇ ਸ਼ਹਿਰ ਅੰਦਰ ਗੁਰਦੁਆਰਾ ਭਾਈ ਰਾਮਕਿਸ਼ਨ ਦੀ ਇਮਾਰਤ ਵਿੱਚ ਚੱਲ ਰਹੀ ਹੈ ਪਰ ਉੱਥੇ ਜਗ੍ਹਾ ਦੀ ਕਮੀ ਹੋਣ ਕਰਕੇ ਹੁਣ ਇਸ ਬਿਲਡਿੰਗ ਨੂੰ ਅਤੇ ਇਸ ਅਕੈਡਮੀ ਨੂੰ ਭੱਠਲਾਂ ਬਹਾਦਰਗੜ੍ਹ ਨਜ਼ਦੀਕ ਸ਼ਿਫਟ ਕੀਤਾ ਜਾਵੇਗਾ, ਜਿਸ ਦੀ ਇਮਾਰਤ ਦਾ ਨੀਹ ਪੱਥਰ 2 ਮਾਰਚ ਨੂੰ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਵੱਲੋਂ ਰੱਖਿਆ ਜਾਵੇਗਾ।

ਭਾਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਬਿਲਡਿੰਗ ਬਣਾਉਣ ਦੇ ਲਈ ਡਾ ਪਦਮਸ਼੍ਰੀ ਜਗਜੀਤ ਸਿੰਘ ਦਰਦੀ ਦੇ ਸਮੁੱਚੇ ਪਰਿਵਾਰ ਵੱਲੋਂ ਤਿੰਨ ਪਲਾਟ ਦਿੱਤੇ ਗਏ ਹਨ, ਜਿਨਾਂ ਵਿੱਚੋਂ ਇੱਕ ਪਲਾਟ ਸੱਚਖੰਡ ਵਾਸੀ ਗਿਆਨੀ ਹਰਨਾਮ ਸਿੰਘ ਦਰਦੀ ਦੀ ਯਾਦ ਵਿੱਚ ਇੱਕ ਪਲਾਟ ਮਾਤਾ ਹਰਬੰਸ ਕੌਰ ਅਤੇ ਇੱਕ ਪਲਾਟ ਸਵਰਗਵਾਸੀ ਸਤਬੀਰ ਸਿੰਘ ਦਰਦੀ ਦੀ ਯਾਦ ਵਿੱਚ ਇਸ ਗੁਰਮਿਤ ਅਕੈਡਮੀ ਨੂੰ ਦਿੱਤਾ ਗਿਆ ਹੈ। ਇਹ ਅਕੈਡਮੀ ਜਲਦੀ ਹੀ ਇੱਥੇ ਵੱਡੀ ਅਤੇ ਸ਼ਾਨਦਾਰ ਇਮਾਰਤ ਬਣਨ ਤੋਂ ਬਾਅਦ ਸ਼ੁਰੂ ਹੋ ਜਾਵੇਗੀ। ਇਸ ਮੌਕੇ ਪਦਮਸ਼੍ਰੀ ਡਾਕਟਰ ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਉਹਨਾਂ ਦੇ ਪਰਿਵਾਰ ਦਾ ਸ਼ੁਰੂ ਤੋਂ ਸੁਪਨਾ ਰਿਹਾ ਕਿ ਕੋਈ ਵੀ ਲੋੜਵੰਦ ਬੱਚਾ ਹੋਵੇ ਉਸ ਨੂੰ ਮੁਫਤ ਸਿੱਖਿਆ ਦੇਣ ਅਤੇ ਗੁਰੂ ਦੀ ਬਾਣੀ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਂਦੇ ਹਨ। ਉਹਨਾਂ ਦੱਸਿਆ ਕਿ ਹੁਣ ਲੋੜਵੰਦ ਬੱਚਿਆਂ ਨੂੰ ਗੁਰਮਤ ਸਿੱਖਿਆ ਦੇਣ ਦੇ ਇਰਾਦੇ ਦੇ ਨਾਲ ਅਤੇ ਗੁਰਮਤ ਸਿੱਖਿਆ ਪ੍ਰਦਾਨ ਕਰਨ ਦੇ ਲਈ ਸਮੁੱਚੇ ਦਰਦੀ ਪਰਿਵਾਰ ਵੱਲੋਂ ਫੈਸਲਾ ਕੀਤਾ ਗਿਆ ਕੇ ਕਿ ਗੁਰੂ ਗੋਬਿੰਦ ਸਿੰਘ ਪਰਿਵਾਰ ਦੇ ਬੱਚੇ ਜਿਹੜੇ ਕਿ ਬਹੁਤ ਹੀ ਛੋਟੀ ਜਗ੍ਹਾ ਦੇ ਵਿੱਚ ਪੜ ਰਹੇ ਹਨ ਅਤੇ ਉੱਥੇ ਹੀ ਰਹਿੰਦੇ ਹਨ। ਉਹ ਬੱਚੇ ਹੁਣ ਬਹਾਦਰਗੜ੍ਹ ਘਨੌਰ ਰੋਡ ਭੱਠਲਾਂ ਵਿਖੇ ਜਿਸ ਇਮਾਰਤ ਦੀ ਸ਼ੁਰੂਆਤ 2 ਮਾਰਚ ਨੂੰ ਕੀਤੀ ਜਾਣੀ ਹੈ। ਇੱਥੇ ਇੱਕ ਬਹੁਤ ਵੱਡੀ ਸ਼ਾਨਦਾਰ ਖੁੱਲੀ ਤੇ ਹਵਾਦਾਰ ਇਮਾਰਤ ਬਣ ਕੇ ਜਲਦੀ ਤਿਆਰ ਹੋ ਜਾਵੇਗੀ ਜਿੱਥੇ ਇਹ ਬੱਚੇ ਹੁਣ ਪੜ੍ਹਾਈ ਸ਼ੁਰੂ ਕਰ ਸਕਣਗੇ ਤੇ ਗੁਰਮਤ ਦੀ ਵਿੱਦਿਆ ਦਾ ਚਾਨਣ ਦੇਸ਼ਾਂ ਵਿਦੇਸ਼ਾਂ ਦੇ ਵਿੱਚ ਫੈਲਾ ਸਕਣਗੇ। ਉਨ੍ਹਾਂ ਸਮੁੱਚੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ 2 ਮਾਰਚ ਨੂੰ ਹੋਣ ਵਾਲੇ ਵਿਸ਼ਾਲ ਸਮਾਗਮ ਅਤੇ।ਗੁਰਮਤਿ ਅਕੈਡਮੀ ਦੇ ਨੀਹ ਪੱਥਰ ਮੌਕੇ ਕੱਢੇ ਜਾ ਰਹੇ ਮਹਾਨ ਨਗਰ ਕੀਰਤਨ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ।

# ਖੇਲੋ ਇੰਡੀਆ ਸਰਦ ਰੁੱਤ ਖੇਡਾਂ ਵਿੱਚ ਸਫ਼ਲਤਾ ਤੋਂ ਬਾਅਦ ਪ੍ਰਸ਼ਾਸਕ ਨੇ ਆਈਸ ਹਾਕੀ ਟੀਮਾਂ ਨਾਲ ਕੀਤੀ ਗੱਲਬਾਤ



ਚੰਡੀਗੜ੍ਹ, 29 ਜਨਵਰੀ (ਚ.ਨ.ਸ.) : ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ, ਨੇ ਅੱਜ ਲੱਦਾਖ ਵਿੱਚ ਹੋਈਆਂ ਖੇਲੋ ਇੰਡੀਆ ਸਰਦ ਰੁੱਤ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਚੰਡੀਗੜ੍ਹ ਆਈਸ ਹਾਕੀ ਟੀਮਾਂ (ਪੁਰਸ਼ ਅਤੇ ਮਹਿਲਾ) ਨਾਲ ਪੰਜਾਬ ਰਾਜ ਭਵਨ, ਲੋਕ ਭਵਨ ਵਿਖੇ ਮੁਲਾਕਾਤ ਕੀਤੀ। ਉਨ੍ਹਾਂ ਨੇ ਕੇਂਦਰ ਸ਼ਾਸਤ ਪ੍ਰਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਟੀਮਾਂ ਨੂੰ ਵਧਾਈ ਦਿੱਤੀ। ਪ੍ਰਸ਼ਾਸਕ ਨੇ ਰਾਸ਼ਟਰੀ ਪੱਧਰ ਦੀਆਂ ਖੇਲੋ ਇੰਡੀਆ ਸਰਦ ਰੁੱਤ ਖੇਡਾਂ ਵਿੱਚ ਆਪਣੀ ਭਾਗੀਦਾਰੀ ਵਿੱਚ ਚਾਂਦੀ ਦਾ ਤਗਮਾ ਜਿੱਤਣ ਲਈ ਪੁਰਸ਼ ਟੀਮ ਅਤੇ ਕਾਂਸੀ ਦਾ ਤਗਮਾ ਜਿੱਤਣ ਲਈ ਮਹਿਲਾ ਟੀਮ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਪ੍ਰਾਪਤੀ ਨੂੰ ਚੰਡੀਗੜ੍ਹ ਲਈ ਮਾਣ ਵਾਲਾ ਪਲ ਦੱਸਿਆ ਅਤੇ ਲੱਦਾਖ ਅਤੇ ਹਿਮਾਚਲ ਪ੍ਰਦੇਸ਼ ਵਰਗੇ ਆਈਸ ਹਾਕੀ ਦੇ ਮਜ਼ਬੂਤ ?ਖੇਤਰਾਂ ਦੀਆਂ ਟੀਮਾਂ ਵਿਰੁੱਧ ਪ੍ਰਭਾਵਸ਼ਾਲੀ ਪ੍ਰਦਰਸ਼ਨ ਲਈ ਖਿਡਾਰੀਆਂ ਦੇ ਦ੍ਰਿੜ ਇਰਾਦੇ ਅਤੇ ਭਾਵਨਾ ਦੀ ਪ੍ਰਸ਼ੰਸਾ ਕੀਤੀ। ਇਸ ਸਾਲ, ਚੰਡੀਗੜ੍ਹ ਨੇ 20 ਮੁੰਡਿਆਂ, 18 ਕੁੜੀਆਂ, ਦੋ ਕੋਚਾਂ ਅਤੇ ਸਹਾਇਤਾ ਅਧਿਕਾਰੀਆਂ ਦੀ ਨੁਮਾਇੰਦਗੀ ਕੀਤੀ। ਬੁਨਿਆਦੀ ਢਾਂਚੇ ਅਤੇ ਮੌਸਮ ਦੀਆਂ ਚੁਣੌਤੀਆਂ ਦੇ ਬਾਵਜੂਦ, ਟੀਮਾਂ ਨੇ ਉੱਚ ਪੱਧਰ @ਤੇ ਪ੍ਰਦਰਸ਼ਨ ਕੀਤਾ। ਪ੍ਰਸ਼ਾਸਕ ਨੇ ਖਿਡਾਰੀਆਂ ਦੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਕੋਚਾਂ ਅਤੇ ਚੰਡੀਗੜ੍ਹ ਖੇਡ ਵਿਭਾਗ ਦੁਆਰਾ ਪ੍ਰਦਾਨ ਕੀਤੀ ਗਈ ਸਿਖਲਾਈ ਅਤੇ ਸਹਾਇਤਾ ਦੀ ਪ੍ਰਸ਼ੰਸਾ ਕੀਤੀ। ਗੱਲਬਾਤ ਦੌਰਾਨ, ਆਈਸ ਹਾਕੀ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਨੇ ਪ੍ਰਸ਼ਾਸਕ ਨੂੰ ਭਾਰਤ ਵਿੱਚ ਆਈਸ ਹਾਕੀ ਦੇ ਵਿਕਾਸ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਰਦੀਆਂ ਦੀ ਖੇਡ ਹੁਣ ਹਿਮਾਲੀਅਨ ਖੇਤਰਾਂ ਤੋਂ ਪਰੇ ਪ੍ਰਸਿੱਧੀ ਪ੍ਰਾਪਤ ਕਰ ਰਹੀ ਹੈ। ਉਨ੍ਹਾਂ ਨੇ ਖੇਡ ਨੂੰ ਹੋਰ ਉਤਸ਼ਾਹਿਤ ਕਰਨ ਲਈ ਸੰਸਥਾਗਤ ਸਹਾਇਤਾ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਕਟਾਰੀਆ ਨੇ ਕਿਹਾ ਕਿ ਪ੍ਰਸ਼ਾਸਨ ਖੇਡ ਸਹੂਲਤਾਂ ਨੂੰ ਹੋਰ ਮਜ਼ਬੂਤਕਰਨ ਅਤੇ ਖਿਡਾਰੀਆਂ ਨਾਲ ਸਬੰਧਤ ਲਾਭਾਂ ਨੂੰ ਆਪਣੀ ਯੋਗਤਾ ਅਨੁਸਾਰ ਬਿਹਤਰੀਨ ਢੰਗ ਨਾਲ ਵਿਚਾਰਨ ਲਈ ਕੰਮ ਕਰ ਰਿਹਾ ਹੈ, ਜੋ ਕਿ ਪ੍ਰਧਾਨ ਮੰਤਰੀ ਦੇ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦੇ ਅਨੁਸਾਰ ਹੈ। ਇਸ ਮੌਕੇ ਪੰਜਾਬ ਦੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਸ਼੍ਰੀ ਵੀ.ਪੀ. ਸਿੰਘ; ਚੰਡੀਗੜ੍ਹ ਪ੍ਰਸ਼ਾਸਨ ਦੇ ਖੇਡ ਨਿਰਦੇਸ਼ਕ ਸ਼੍ਰੀ ਸੌਰਭ ਕੁਮਾਰ ਅਰੋੜਾ; ਆਈਸ ਹਾਕੀ ਐਸੋਸੀਏਸ਼ਨ ਆਫ ਇੰਡੀਆ ਦੇ ਕੋਚ ਅਤੇ ਪ੍ਰਤੀਨਿਧੀ ਮੌਜੂਦ ਸਨ।

### ਅਦਾਰਾ 'ਚੜ੍ਹਦੀਕਲਾ' ਵਿਖੇ ਡਾ. ਹਰਪ੍ਰੀਤ ਸਿੰਘ 'ਪ੍ਰੀਤ' ਦੀ ਟੀਮ ਦਾ ਨਿੱਘਾ ਸਵਾਗਤ,

# ਡਾ. 'ਪ੍ਰੀਤ' ਵੱਲੋਂ ਖੋਜੀ ਪੁਸਤਕ 'ਵਿਰਾਸਤ-ਏ-ਪੰਜਾਬ' ਭੇਟ



ਪਟਿਆਲਾ, 29 ਜਨਵਰੀ (ਚ.ਨ.ਸ.) : ਪੰਜਾਬੀ ਮਾਂ-ਬੋਲੀ ਵਿਰਸੇ ਅਤੇ ਇਤਿਹਾਸ ਨੂੰ ਸਮਰਪਿਤ ਪ੍ਰਸਿੱਧ ਲੇਖਕ ਅਤੇ ਖੋਜਾਰਥੀ ਡਾ. ਹਰਪ੍ਰੀਤ ਸਿੰਘ 'ਪ੍ਰੀਤ' (ਪੰਜਾਬੀ ਸੱਥ ਸਰਹਿੰਦ, ਏਕਾਈ ਲਾਂਬੜਾ) ਆਪਣੀ ਟੀਮ ਸਮੇਤ ਅਦਾਰਾ 'ਚੜ੍ਹਦੀਕਲਾ' ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਪਹੁੰਚੇ। ਅਦਾਰਾ ਚੜ੍ਹਦੀਕਲਾ ਵਿਖੇ ਪਹੁੰਚਣ 'ਤੇ ਡਾ. ਪ੍ਰੀਤ ਅਤੇ ਉਨ੍ਹਾਂ ਦੀ ਟੀਮ ਦਾ ਉੱਥੋਂ ਦੇ ਪ੍ਰਬੰਧਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੁਲਾਕਾਤ ਦੌਰਾਨ ਡਾ. ਹਰਪ੍ਰੀਤ ਸਿੰਘ 'ਪ੍ਰੀਤ' ਨੇ ਆਪਣੀ ਨਵੀਂ ਲਿਖੀ ਖੋਜੀ ਪੁਸਤਕ 'ਵਿਰਾਸਤ-ਏ-ਪੰਜਾਬ' (Research Book) ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਨੂੰ ਸਨਮਾਨ ਸਹਿਤ ਭੇਟ ਕੀਤੀ। ਇਹ ਪੁਸਤਕ ਪੰਜਾਬ ਦੀ ਪੁਰਾਤਨਤਾ ਅਤੇ ਇਤਿਹਾਸਕ ਪੰਨਿਆਂ ਦੀ ਮੁੜ-ਸਿਰਜਣਾ 'ਤੇ ਆਧਾਰਿਤ ਹੈ ਜਿਸ ਨੂੰ ਮਨਜੋਤ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

ਪੁਸਤਕ ਪ੍ਰਾਪਤ ਕਰਦਿਆਂ ਸ. ਹਰਪ੍ਰੀਤ ਸਿੰਘ ਦਰਦੀ ਨੇ ਡਾ. ਪ੍ਰੀਤ ਦੇ ਇਸ ਖੋਜੀ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਪੁਸਤਕਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਪੰਜਾਬੀ ਵਿਰਸੇ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਡਾ. ਪ੍ਰੀਤ ਨੇ ਇਸ ਮੌਕੇ ਦੱਸਿਆ ਕਿ ਇਹ ਪੁਸਤਕ ਵੱਖ-ਵੱਖ ਇਤਿਹਾਸਕਾਰਾਂ ਦੀ ਜਾਣਕਾਰੀ ਨੂੰ ਇਕੱਠਾ ਕਰਕੇ ਇੱਕ ਦਸਤਾਵੇਜ਼ ਵਜੋਂ ਤਿਆਰ ਕੀਤੀ ਗਈ ਹੈ। ਵਰਣਨਯੋਗ ਹੈ ਕਿ ਇਹ ਪੁਸਤਕ ਡਾ. ਨਿਰਮਲ ਸਿੰਘ ਲਾਂਬੜਾ (ਪੰਜਾਬੀ ਸੱਥ ਲਾਂਬੜਾ) ਅਤੇ ਮੋਤਾ ਸਿੰਘ ਸਰਾਏ (ਯੂਰਪੀਅਨ ਪੰਜਾਬੀ ਸੱਥ ਵਾਲਸਾਲ, ਯੂ.ਕੇ.) ਵਰਗੀਆਂ ਸ਼ਖਸੀਅਤਾਂ ਦੇ ਸਹਿਯੋਗ ਅਤੇ ਪ੍ਰੇਰਨਾ ਨਾਲ ਮੁਕੰਮਲ ਹੋਈ ਹੈ। ਇਸ ਮੌਕੇ ਡਾ. ਹਰਪ੍ਰੀਤ ਸਿੰਘ 'ਪ੍ਰੀਤ' ਦੇ ਨਾਲ ਸ੍ਰੀਮਤੀ ਹਰਜੀਤ ਕੌਰ (ਧਰਮ ਪਤਨੀ ਡਾ. ਪ੍ਰੀਤ), ਸੰਤ ਸਿੰਘ ਸੋਹਲ, ਸਤਿਨਾਮ ਸਿੰਘ ਅਤੇ ਪਰਮਜੀਤ ਸਿੰਘ ਬਾਜਵਾ (ਜਨਰਲ ਮੈਨੇਜਰ, ਚੜ੍ਹਦੀਕਲਾ) ਮੌਜੂਦ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀ ਪ੍ਰਭਜੋਤ ਸਿੰਘ ਨੇ ਮਾਈ ਭਾਗੋ ਬ੍ਰਿਗੇਡ ਦੇ ਕਵਿਤਾ ਮੁਕਾਬਲੇ 'ਚ ਸਰਵੋਤਮ ਇਨਾਮ ਕੀਤਾ ਹਾਸਲ

ਪਟਿਆਲਾ, 29 ਜਨਵਰੀ (ਚ.ਨ.ਸ.) : ਮਾਈ ਭਾਗੋ ਬ੍ਰਿਗੇਡ (ਰਜਿ:) ਪਟਿਆਲਾ ਵੱਲੋਂ ਮਿਤੀ




24 ਜਨਵਰੀ 2026 ਦਿਨ ਸ਼ਨੀਵਾਰ ਨੂੰ ਸਕੂਲੀ ਵਿਦਿਆਰਥੀਆਂ ਦਾ ਬੀਰ ਰਸੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਲੱਗਭੱਗ 15 ਸਕੂਲਾਂ ਤੋਂ ਆਏ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐੱਸ ਐੱਸ ਟੀ ਨਗਰ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ।ਤੀਜੀ ਜਮਾਤ ਦੇ ਪ੍ਰਭਜੋਤ ਸਿੰਘ ਨੇ ਆਪਣੀ ਬੀਰ ਰਸੀ ਕਵਿਤਾ ਨਾਲ ਸਾਰਿਆਂ ਨੂੰ ਨਿਹਾਲ ਕੀਤਾ ਅਤੇ ਸਰਵੋਤਮ ਇਨਾਮ ਪ੍ਰਾਪਤ ਕੀਤਾ ਇਸੇ ਤਰ੍ਹਾਂ ਹੀ ਤੀਜੀ ਜਮਾਤ ਦੀ ਦਮਨਜੀਤ ਕੌਰ ਨੇ ਵੀ ਆਪਣੀ ਕਵਿਤਾ ਦੀ ਵਧੀਆ ਪੇਸ਼ਕਾਰੀ ਰਾਹੀਂ ਪਹਿਲਾ ਇਨਾਮ ਹਾਸਿਲ ਕੀਤਾ ਇਸ ਇਲਾਵਾ ਚੌਥੀ ਜਮਾਤ ਦੀ ਮਨਮੀਤ ਕੌਰ ਨੇ ਵੀ ਮਾਈ ਭਾਗੋ ਜੀ ਬਾਰੇ ਵਧੀਆ ਕਵਿਤਾ ਬੋਲ ਕੇ ਇਨਾਮ ਹਾਸਿਲ ਕੀਤਾ। ਇੱਥੇ ਇਹ ਜ਼ਿਕਰਯੋਗ ਹੈ ਇਸ ਸਕੂਲ ਦੇ ਵਿਦਿਆਰਥੀ ਹਮੇਸ਼ਾ ਹੀ ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿੰਦੇ ਹਨ ਅਤੇ ਸਕੂਲ ਦਾ ਮਾਣ ਵਧਾਉਂਦੇ ਹਨ।ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਉਹਨਾਂ ਦੀ ਕਾਮਯਾਬੀ ਤੇ ਵਧਾਈ ਦਿੱਤੀ । ਉਨ੍ਹਾਂ ਨੂੰ ਹਮੇਸ਼ਾ ਧਾਰਮਿਕ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ ਅਤੇ ਕਾਮਯਾਬ ਹੋਣ ਦਾ ਆਸ਼ੀਰਵਾਦ ਦਿੱਤਾ।

### ਟਰੰਪ ਦੀ ਨਵੀਂ ਸਕੀਮ ਨੇ ਮਾਪਿਆਂ ਦੀ ਕਰਾਈ ਬੱਲੇ-ਬੱਲੇ

# ਅਮਰੀਕਾ 'ਚ ਬੱਚੇ ਪੈਦਾ ਕਰਨਾ 'ਬਣਾਏਗਾ' ਲੱਖਪਤੀ !



ਵਾਸ਼ਿੰਗਟਨ, 29 ਜਨਵਰੀ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੇ ਨਵਜੰਮੇ ਬੱਚਿਆਂ ਲਈ ਇੱਕ ਇਤਿਹਾਸਕ ਅਤੇ ਵੱਡੇ ਵਿੱਤੀ ਪ੍ਰੋਗਰਾਮ ਟਰੰਪ ਅਕਾਊਂਟਸ ਦਾ ਐਲਾਨ ਕੀਤਾ ਹੈ। ਟ੍ਰੇਜ਼ਰੀ ਵਿਭਾਗ ਵਿੱਚ ਆਯੋਜਿਤ ਇੱਕ ਸੰਮੇਲਨ ਦੌਰਾਨ ਟਰੰਪ ਨੇ ਕਿਹਾ ਕਿ ਇਸ ਯੋਜਨਾ ਤਹਿਤ ਅਮਰੀਕਾ ਵਿੱਚ ਪੈਦਾ ਹੋਣ ਵਾਲੇ ਹਰ ਬੱਚੇ ਨੂੰ ਸਰਕਾਰ ਵੱਲੋਂ ਨਿਵੇਸ਼ ਖਾਤਾ ਦਿੱਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ।

**ਖਾਤੇ ਦੀਆਂ ਮੁੱਖ ਵਿਸ਼ੇਸ਼ਤਾਵਾਂ:** ਸਰਕਾਰੀ ਮਦਦ: ਹਰ ਨਵਜੰਮੇ ਬੱਚੇ ਦੇ ਖਾਤੇ ਵਿੱਚ ਸਰਕਾਰ ਵੱਲੋਂ £1,000 (ਕਰੀਬ 83,000 ਰੁਪਏ) ਦੀ ਸ਼ੁਰੂਆਤੀ ਰਾਸ਼ੀ ਜਮ੍ਹਾਂ ਕੀਤੀ ਜਾਵੇਗੀ।

**ਟੈਕਸ ਮੁਕਤ ਨਿਵੇਸ਼:** ਇਹ ਖਾਤੇ ਪੂਰੀ ਤਰ੍ਹਾਂ ਟੈਕਸ-ਫ੍ਰੀ ਹੋਣਗੇ।

**ਵਧੇਗੀ ਰਕਮ:** ਮਾਪੇ, ਰੁਜ਼ਗਾਰਦਾਤਾ ਅਤੇ ਰਾਜ ਸਰਕਾਰਾਂ ਇਸ ਵਿੱਚ ਸਾਲਾਨਾ £5,000 ਤੱਕ ਦਾ ਵਾਧੂ ਯੋਗਦਾਨ ਪਾ ਸਕਣਗੇ।

**ਲੱਖਾਂ ਦਾ ਫੰਡ:** ਟਰੰਪ ਅਨੁਸਾਰ, ਜਦੋਂ ਬੱਚਾ 18 ਸਾਲ ਦਾ ਹੋਵੇਗਾ, ਤਾਂ ਮਾਮੂਲੀ ਯੋਗਦਾਨ ਨਾਲ ਵੀ ਇਹ ਰਕਮ 50,000 ਡਾਲਰ ਤੱਕ ਪਹੁੰਚ ਸਕਦੀ ਹੈ ਅਤੇ ਕਈ ਮਾਮਲਿਆਂ ਵਿੱਚ ਇਹ 1 ਲੱਖ ਤੋਂ 3 ਲੱਖ ਡਾਲਰ ਤੋਂ ਵੀ ਵੱਧ ਹੋ ਸਕਦੀ ਹੈ।

**4 ਜੁਲਾਈ ਤੋਂ ਹੋਵੇਗੀ ਸ਼ੁਰੂਆਤ ;** ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਇਹ ਖਾਤੇ ਇਸੇ ਸਾਲ 4 ਜੁਲਾਈ (ਅਮਰੀਕੀ ਸੁਤੰਤਰਤਾ ਦਿਵਸ) ਤੋਂ ਇੱਕ ਵਿਸ਼ੇਸ਼ ਸਰਕਾਰੀ ਵੈੱਬਸਾਈਟ ਰਾਹੀਂ ਐਕਟੀਵੇਟ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ, ÷ਅਸੀਂ ਚਾਹੁੰਦੇ ਹਾਂ ਕਿ ਅਮਰੀਕੀ ਬੱਚੇ ਕਰਜ਼ੇ ਵਿੱਚ ਨਹੀਂ, ਸਗੋਂ ਜਾਇਦਾਦ ਦੇ ਨਾਲ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨ।ਇਸ ਮੁਹਿੰਮ ਵਿੱਚ ਨਿੱਜੀ ਖੇਤਰ ਨੇ ਵੀ ਵੱਡਾ ਹੱਥ ਵਧਾਇਆ ਹੈ। ਮਾਈਕਲ ਅਤੇ ਸੂਜ਼ਨ ਡੈੱਲ ਨੇ £6.25 ਬਿਲੀਅਨ ਦਾ ਦਾਨ ਦਿੱਤਾ ਹੈ, ਜਿਸ ਨਾਲ 10 ਸਾਲ ਤੱਕ ਦੇ 2.5 ਕਰੋੜ ਹੋਰ ਬੱਚਿਆਂ ਦੇ ਖਾਤੇ ਖੋਲ੍ਹੇ ਜਾਣਗੇ। ਇਸ ਤੋਂ ਇਲਾਵਾ ਐਨਵੀਡੀਆ, ਇੰਟੇਲ, ਆਈਬੀਐਮ, ਉਬੇਰ ਅਤੇ ਪੀਜ਼ਾ ਵਰਗੀਆਂ ਵੱਡੀਆਂ ਕੰਪਨੀਆਂ ਨੇ ਵੀ ਇਸ ਵਿੱਚ ਯੋਗਦਾਨ ਪਾਉਣ ਦੀ ਵਚਨਬੱਧਤਾ ਜਤਾਈ ਹੈ।ਟਰੰਪ ਨੇ ਕਿਹਾ ਕਿ ਪਿਛਲੇ ਰਾਸ਼ਟਰਪਤੀਆਂ ਨੇ ਬੱਚਿਆਂ ਲਈ ਸਿਰਫ਼ ਕਰਜ਼ਾ ਛੱਡਿਆ ਹੈ, ਪਰ ਉਨ੍ਹਾਂ ਦੀ ਸਰਕਾਰ ਬੱਚਿਆਂ ਨੂੰ ਵਿੱਤੀ ਆਜ਼ਾਦੀ ਦੇ ਕੇ ਜਾਵੇਗੀ।

## ਜਨਮ ਦਿਨ ਮੁਬਾਰਕ



ਜਸਪ੍ਰੀਤ ਕੌਰ



ਹਰਸੀਰਤ ਕੌਰ



ਜੈਵਿਨ ਭਨੋਟ



ਰਿਸ਼ਵ ਕੁਮਾਰ, ਸ਼ੁਭਮ ਕੁਮਾਰ

# ਕੇਨਰਾ ਬੈਂਕ ਦੇ ਗਲੋਬਲ ਕਾਰੋਬਾਰ ਅਤੇ ਜਮ੍ਹਾਂ ਰਾਸ਼ੀ ਵਿੱਚ ਵਾਧਾ

ਨਵੀਂ ਦਿੱਲੀ, 29 ਜਨਵਰੀ (ਚ.ਨ.ਸ.) : ਦੇਸ਼ ਦੇ ਮੋਹਰੀ ਬੈਂਕ, ਕੇਨਰਾ ਬੈਂਕ ਨੇ ?27,13,594 ਕਰੋੜ ਤੋਂ ਵੱਧ ਦਾ ਸਾਲਾਨਾ ਟਰਨਓਵਰ ਦੱਸਿਆ ਹੈ, ਜਿਸ ਵਿੱਚ ਗਲੋਬਲ ਜਮ੍ਹਾਂ ਰਾਸ਼ੀ 12.95 ਪ੍ਰਤੀਸ਼ਤ ਦੀ ਦਰ ਨਾਲ ਵਧ ਰਹੀ ਹੈ। ਬੈਂਕ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਪ੍ਰਚੂਨ ਕਰਜ਼ੇ ਵਿੱਚ 31.37 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਸੀਨੀਅਰ ਅਧਿਕਾਰੀਆਂ ਦੇ ਅਨੁਸਾਰ, ਬੈਂਕ ਸਾਰੇ ਮੋਰਚਿਆਂ @ਤੇ ਲਗਾਤਾਰ ਤਰੱਕੀ ਕਰ ਰਿਹਾ ਹੈ, ਜਿਸ ਨਾਲ ਨਿਵੇਸ਼ਕਾਂ ਅਤੇ ਗਾਹਕਾਂ ਦੋਵਾਂ ਨੂੰ ਲਾਭ ਹੋ ਰਿਹਾ ਹੈ। ਹਾਊਸਿੰਗ ਕਰਜ਼ੇ 17.58 ਪ੍ਰਤੀਸ਼ਤ ਦੀ ਦਰ ਨਾਲ ਵਧੇ ਹਨ। ਬੈਂਕ ਦੇ ਸੰਚਾਲਨ ਲਾਭ ਵਿੱਚ ਵੀ 16.36 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦੋਂ ਕਿ ਪੀ.ਸੀ.ਆਰ. ਵਿੱਚ 293 ਬੀ.ਪੀ.ਐੱਸ. ਦਾ ਸੁਧਾਰ ਹੋਇਆ ਹੈ। ਪ੍ਰਤੀ ਸ਼ੇਅਰ ਕਮਾਈ ਵਿੱਚ ਵੀ 22.11 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਬੈਂਕ ਦਾ ਕੁੱਲ ਐਨ.ਪੀ.ਏ. ਅਨੁਪਾਤ 126 ਬੀ.ਪੀ.ਐੱਸ. ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਬੈਂਕ ਦੇ ਘਰੇਲੂ ਜਮ੍ਹਾਂ ਰਾਸ਼ੀ ਵਿੱਚ 11.10 ਪ੍ਰਤੀਸ਼ਤ ਦੀ ਦਰ ਨਾਲ ਵਾਧਾ ਹੋਇਆ ਹੈ। ਇਹ ਅੰਕੜੇ 31 ਦਸੰਬਰ, 2025 ਨੂੰ ਖਤਮ ਹੋਏ ਸਾਲ ਦੇ ਹਨ। ਕੁੱਲ ਗੈਰ-ਮੁਨਾਫ਼ਾ ਸੰਪਤੀਆਂ ਦਾ ਅਨੁਪਾਤ ਵੀ 2.35 ਪ੍ਰਤੀਸ਼ਤ ਤੋਂ ਘਟ ਕੇ 2.08 ਪ੍ਰਤੀਸ਼ਤ ਹੋ ਗਿਆ, ਜਦੋਂ ਕਿ RAM ਕ੍ਰੈਡਿਟ 18.70 ਪ੍ਰਤੀਸ਼ਤ ਦੀ ਦਰ ਨਾਲ ਵਧਿਆ।

### ਅਮਰੀਕਾ 'ਚ ਬਰਫ਼ੀਲੇ ਤੂਫ਼ਾਨ ਦਾ ਕਹਿਰ

# ਸਭ ਤੋਂ ਭਿਆਨਕ ਠੰਢ ਨੇ ਲਈ 50 ਤੋਂ ਵੱਧ ਲੋਕਾਂ ਦੀ ਜਾਨ



ਵਾਸ਼ਿੰਗਟਨ/ਮਿਸਿਸਿਪੀ, 29 ਜਨਵਰੀ (ਚ.ਨ.ਸ.) : ਅਮਰੀਕਾ ਦੇ ਪੂਰਬੀ ਹਿੱਸੇ ਵਿੱਚ ਕੁਦਰਤ ਦਾ ਕਹਿਰ ਲਗਾਤਾਰ ਜਾਰੀ ਹੈ। ਭਿਆਨਕ ਬਰਫ਼ੀਲੇ ਤੂਫ਼ਾਨ ਅਤੇ ਕੜਾਕੇ ਦੀ ਠੰਢ ਕਾਰਨ ਹੁਣ ਤੱਕ 50 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ,। ਮੌਸਮ ਵਿਭਾਗ ਅਨੁਸਾਰ ਇਹ ਪਿਛਲੇ ਕਈ ਦਹਾਕਿਆਂ ਦਾ ਸਭ ਤੋਂ ਲੰਬਾ ਅਤੇ ਖ਼ਤਰਨਾਕ ਠੰਢ ਦਾ ਦੌਰ ਹੋ ਸਕਦਾ ਹੈ।ਮਿਸਿਸਿਪੀ ਸੂਬੇ ਵਿੱਚ ਬਰਫ਼ਬਾਰੀ ਕਾਰਨ ਹਾਲਾਤ ਬਦਤਰ ਹੋ ਗਏ ਹਨ। ਇੱਥੇ ਇੰਟਰਸਟੇਟ-55 ਹਾਈਵੇਅ ਪੂਰੀ ਤਰ੍ਹਾਂ ਬਰਫ਼ ਨਾਲ ਢਕਿਆ ਗਿਆ ਹੈ, ਜਿਸ ਕਾਰਨ ਸੈਂਕੜੇ ਗੱਡੀਆਂ ਰਸਤੇ ਵਿੱਚ ਹੀ ਫਸ ਗਈਆਂ ਹਨ। ਗਵਰਨਰ ਟੇਟ ਰੀਵਜ਼ ਨੇ ਦੱਸਿਆ ਕਿ ਫਸੇ ਹੋਏ ਲੋਕਾਂ ਦੀ ਮਦਦ ਲਈ ਟੋ-ਟ੍ਰੱਕ ਅਤੇ ਡਰੋਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ।ਠੰਢ ਦੇ ਕਾਰਨ ਬਿਜਲੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਮਿਸਿਸਿਪੀ ਅਤੇ ਟੈਨਿਸੀ ਵਿੱਚ ਲਗਭਗ 3.8 ਲੱਖ ਘਰ ਅਤੇ ਦੁਕਾਨਾਂ ਹਨੇਰੇ ਵਿੱਚ ਡੁੱਬੀਆਂ ਹੋਈਆਂ ਹਨ। ਨੈਸ਼ਵਿਲ ਵਿੱਚ ਤਾਪਮਾਨ ਮਾਈਨਸ 10 ਡਿਗਰੀ ਤੱਕ ਡਿੱਗਣ ਦੀ ਸੰਭਾਵਨਾ ਹੈ। ਬਿਜਲੀ ਨਾ ਹੋਣ ਕਾਰਨ ਲੋਕ ਘਰ ਗਰਮ ਕਰਨ ਲਈ ਜਨਰੇਟਰਾਂ ਅਤੇ ਗੈਸ ਹੀਟਰਾਂ ਦੀ ਵਰਤੋਂ ਕਰ ਰਹੇ ਹਨ, ਜਿਸ ਕਾਰਨ ਕਾਰਬਨ ਮੋਨੋਆਕਸਾਈਡ ਗੈਸ ਫੈਲ ਰਹੀ ਹੈ। ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਵੀਕੈਂਡ 'ਤੇ ਆਰਕਟਿਕ ਦੀਆਂ ਬਰਫ਼ੀਲੀਆਂ ਹਵਾਵਾਂ ਅਮਰੀਕਾ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲੈਣਗੀਆਂ। ਪ੍ਰਸ਼ਾਸਨ ਨੇ ਲੋਕਾਂ ਨੂੰ ਬਿਨਾਂ ਵਜ੍ਹਾ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ।

# ਸਪੀਕਰ ਓਮ ਬਿਰਲਾ ਨੇ 2026 ਦੇ ਸਫਲ ਸੰਚਾਲਨ ਬਾਰੇ ਦਿੱਤੀ ਜਾਣਕਾਰੀ



ਨਵੀਂ ਦਿੱਲੀ, 29 ਜਨਵਰੀ (ਚ.ਨ.ਸ.) : ਸਦਨ ਦੀ ਕਾਰਵਾਈ ਦੀ ਪ੍ਰਧਾਨਗੀ ਕਰਦੇ ਹੋਏ, ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਸਦਨ ਨੂੰ ਰਾਸ਼ਟਰਮੰਡਲ ਸਪੀਕਰਾਂ ਅਤੇ ਪ੍ਰੀਜ਼ਾਈਡਿੰਗ ਅਫਸਰਾਂ ਦੀ ਕਾਨਫਰੰਸ 2026 ਦੇ ਸਫਲ ਸੰਚਾਲਨ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਬਿਰਲਾ ਨੇ ਦੱਸਿਆ ਕਿ 28ਵੀਂ CSPOC ਇੱਕ ਬਹੁਤ ਵੱਡੀ ਸਫਲਤਾ ਸੀ। ਸਦਨ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਮਾਨਯੋਗ ਮੈਂਬਰ ਸਾਹਿਬਾਨ, ਮੈਨੂੰ ਤੁਹਾਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਰਾਸ਼ਟਰਮੰਡਲ ਦੇਸ਼ਾਂ ਦੀਆਂ ਸੰਸਦਾਂ ਦੇ ਸਪੀਕਰਾਂ ਅਤੇ ਪ੍ਰਧਾਨ ਅਧਿਕਾਰੀਆਂ ਦੀ 28ਵੀਂ ਕਾਨਫਰੰਸ ਭਾਰਤੀ ਸੰਸਦ ਦੁਆਰਾ 14 ਤੋਂ 16 ਜਨਵਰੀ, 2026 ਤੱਕ ਸਫਲਤਾਪੂਰਵਕ ਆਯੋਜਿਤ ਕੀਤੀ ਗਈ ਸੀ। ਇਹ ਕਾਨਫਰੰਸ 16 ਸਾਲਾਂ ਬਾਅਦ ਭਾਰਤ ਵਿੱਚ ਆਯੋਜਿਤ ਕੀਤੀ ਗਈ ਸੀ। ਇਸ ਕਾਨਫਰੰਸ ਦਾ ਉਦਘਾਟਨ ਮਾਨਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਨੇ 15 ਜਨਵਰੀ, 2026 ਨੂੰ ਇਤਿਹਾਸਕ ਸੰਵਿਧਾਨ ਭਵਨ ਦੇ ਸੈਂਟਰਲ ਹਾਲ ਵਿੱਚ ਕੀਤਾ ਸੀ। ਇਹ ਕਾਨਫਰੰਸ 53 ਰਾਸ਼ਟਰਮੰਡਲ ਦੇਸ਼ਾਂ ਅਤੇ 14 ਅਰਧ-ਖੁਦਮੁਖਤਿਆਰ ਸੰਸਦਾਂ ਦੇ ਸਪੀਕਰਾਂ ਅਤੇ ਪ੍ਰਧਾਨ ਅਧਿਕਾਰੀਆਂ ਨੂੰ ਇਕੱਠਾ ਕਰਦੀ ਹੈ। ਮੈਨੂੰ ਤੁਹਾਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਕਾਨਫਰੰਸ ਵਿੱਚ ਰਿਕਾਰਡ 60 ਸਪੀਕਰਾਂ ਅਤੇ ਪ੍ਰਧਾਨ ਅਧਿਕਾਰੀਆਂ ਅਤੇ ਲਗਭਗ 200 ਡੈਲੀਗੇਟਾਂ ਨੇ ਹਿੱਸਾ ਲਿਆ। ਕਾਨਫਰੰਸ ਵਿੱਚ ਮਾਨਯੋਗ ਸੰਸਦ ਮੈਂਬਰਾਂ ਨਾਲ ਸਬੰਧਤ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ, ਜਿਸ ਵਿੱਚ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਿੱਚ ਸਪੀਕਰਾਂ ਅਤੇ ਪ੍ਰੀਜ਼ਾਈਡਿੰਗ ਅਫਸਰਾਂ ਦੀ ਭੂਮਿਕਾ; ਸੰਸਦਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ; ਸੋਸ਼ਲ ਮੀਡੀਆ ਅਤੇ ਮਾਨਯੋਗ ਸੰਸਦ ਮੈਂਬਰਾਂ 'ਤੇ ਇਸਦਾ ਪ੍ਰਭਾਵ; ਸੰਸਦ ਅਤੇ ਜਨਤਕ ਭਾਗੀਦਾਰੀ ਦੀ ਜਨਤਕ ਸਮਝ ਨੂੰ ਵਧਾਉਣ ਲਈ ਨਵੀਨਤਾਕਾਰੀ ਰਣਨੀਤੀਆਂ ਅਤੇ ਮਾਨਯੋਗ ਸੰਸਦ ਮੈਂਬਰਾਂ ਅਤੇ ਸੰਸਦੀ ਸਟਾਫ ਦੀ ਸੁਰੱਖਿਆ, ਸਿਹਤ ਅਤੇ ਤੰਦਰੁਸਤੀ ਸ਼ਾਮਲ ਹਨ।

# ਐੱਮ.ਟੀ.ਆਈ.ਐੱਸ. ਵਿੱਚ ਸੋਚ ਅਤੇ ਸਿੱਖਣ ਦਾ ਉਤਸਵ




ਬਰਨਾਲਾ, 29 ਜਨਵਰੀ (ਚਮਕੌਰ ਸਿੰਘ ਗੱਗੀ) : ਮਦਰ ਟੀਚਰ ਇੰਟਰਨੈਸ਼ਨਲ ਸਕੂਲ, ਹੰਡਿਆਇਆ ਵੱਲੋਂ 'ਨੰਬਰ ਨਿਰਵਾਣਾ' ਨਾਮਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿਸਦਾ ਮਕਸਦ ਅੰਕਾਂ, ਤਰਕ ਅਤੇ ਖੁਸ਼ੀ ਭਰੇ ਸਿੱਖਣ ਦਾ ਜਸ਼ਨ ਮਨਾਉਣਾ ਸੀ। ਇਸ ਸਭਾ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਸ਼ਲੇਸ਼ਣਾਤਮਕ ਸੋਚ ਨੂੰ ਮਜ਼ਬੂਤ ਕਰਨਾ ਅਤੇ ਗਣਿਤ ਪ੍ਰਤੀ ਸਕਾਰਾਤਮਕ ਰਵੱਈਆ ਵਿਕਸਿਤ ਕਰਨਾ ਸੀ। ਵਿਦਿਆਰਥੀਆਂ ਨੇ ਆਤਮ-ਵਿਸ਼ਵਾਸ ਨਾਲ ਦਿਲਚਸਪ ਪ੍ਰਸਤੁਤੀਆਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਰਚਨਾਤਮਕਤਾ, ਸਮੱਸਿਆ ਹੱਲ ਕਰਨ ਦੀ ਯੋਗਤਾ ਅਤੇ ਤਰਕਸ਼ੀਲ ਸੋਚ ਦੀ ਸੁੰਦਰ ਝਲਕ ਨਜ਼ਰ ਆਈ। ਇਸ ਨਾਲ ਸਭਾ ਸਿੱਖਿਆਤਮਕ ਦੇ ਨਾਲ-ਨਾਲ ਪ੍ਰੇਰਨਾਦਾਇਕ ਵੀ ਬਣੀ। ਚੇਅਰਮੈਨ ਸ੍ਰੀ ਕਪਿਲ ਮਿੱਤਲ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ, ਸਿੱਖਿਆ ਦੀ ਮਜ਼ਬੂਤ ਨੀਂਹ ਵਿਸ਼ਵਾਸੀ ਮਨ ਬਣਾਉਂਦੀ ਹੈ, ਜਦੋਂ ਵਿਦਿਆਰਥੀ ਤਰਕ ਨਾਲ ਸੋਚਣਾ ਸਿੱਖਦੇ ਹਨ, ਉਹ ਸਮਝਦਾਰੀ ਨਾਲ ਅਗਵਾਈ ਕਰਨਾ ਵੀ ਸਿੱਖਦੇ ਹਨ।ਪ੍ਰੈਜ਼ੀਡੈਂਟ ਸ਼੍ਰੀਮਤੀ ਨਿਸ਼ੀ ਕਪਿਲ ਮਿੱਤਲ ਨੇ ਵਿਦਿਆਰਥੀਆਂ ਨੂੰ ਸਿੱਖਣ ਦਾ ਆਨੰਦ ਮਾਣਨ ਅਤੇ ਗਣਿਤ ਨੂੰ ਜਿਗਿਆਸਾ ਨਾਲ ਖੋਜਣ ਲਈ ਉਤਸ਼ਾਹਿਤ ਕਰਦਿਆਂ ਕਿਹਾ,ਵੱਡੇ ਸੁਪਨੇ ਦੇਖੋ, ਜਿਗਿਆਸੂ ਬਣੇ ਰਹੋ ਅਤੇ ਸਿੱਖਣ ਨੂੰ ਆਪਣਾ ਜੀਵਨ ਭਰ ਦਾ ਸਾਥੀ ਬਣਾਓ।ਪ੍ਰਿੰਸੀਪਲ ਸ਼੍ਰੀਮਤੀ ਸਰਬਜੀਤ ਕੌਰ ਸਰਾਂ ਨੇ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਅਤੇ ਅਨੁਸ਼ਾਸਨ ਦੀ ਸ਼ਲਾਘਾ ਕਰਦਿਆਂ ਕਿਹਾ,ਆਤਮ-ਵਿਸ਼ਵਾਸ, ਸਮਰਪਣ ਅਤੇ ਅਨੁਸ਼ਾਸਨ ਗਿਆਨ ਨੂੰ ਉਪਲਬਧੀ ਵਿੱਚ ਬਦਲ ਦਿੰਦੇ ਹਨ।ਕੋਆਰਡੀਨੇਟਰ ਸ਼੍ਰੀਮਤੀ ਸਾਕਸ਼ੀ ਗਰਗ ਨੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਸਤੁਤੀ 'ਤੇ ਮਾਣ ਜਤਾਇਆ ਅਤੇ ਕਿਹਾ,ਹਰ ਬੱਚਾ ਤਦੋਂ ਚਮਕਦਾ ਹੈ ਜਦੋਂ ਉਸਨੂੰ ਸੋਚਣ, ਖੋਜਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਸਹੀ ਮੰਚ ਮਿਲਦਾ ਹੈ।ਸਭਾ ਪ੍ਰੇਰਨਾਦਾਇਕ ਸੁਨੇਹੇ ਨਾਲ ਸੰਪੰਨ ਹੋਈ ਕਿ ਗਣਿਤ ਸਿਰਫ਼ ਅੰਕਾਂ ਤੱਕ ਸੀਮਿਤ ਨਹੀਂ, ਸਗੋਂ ਇਹ ਸੋਚ, ਨਵੀਨਤਾ ਅਤੇ ਆਜੀਵਨ ਸਿੱਖਣ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੈ।

# ਅਸ਼ੀਰਵਾਦ ਸਕੀਮ ਹੁਣ ਸਿਰਫ਼ ਸੇਵਾ ਕੇਂਦਰਾਂ ਰਾਹੀਂ ਲਾਗੂ ਹੋਵੇਗੀ : ਡੀ.ਸੀ.

## ਅਸ਼ੀਰਵਾਦ ਸਕੀਮ ਤਹਿਤ ਧੀਆਂ ਦੇ ਵਿਆਹ ਲਈ 51,000/- ਰੁਪਏ ਦੀ ਵਿੱਤੀ ਸਹਾਇਤਾ ਕਰਵਾਈ ਜਾ ਰਹੀ ਮੁਹੱਈਆ



ਬਰਨਾਲਾ, 29 ਜਨਵਰੀ ( ਬਘੇਲ ਸਿੰਘ ਧਾਲੀਵਾਲ): ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ ਅਸ਼ੀਰਵਾਦ ਸਕੀਮ ਹੁਣ ਸਿਰਫ਼ ਸੇਵਾ ਕੇਂਦਰਾਂ ਰਾਹੀਂ ਲਾਗੂ ਹੋਵੇਗੀ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਹੁਣ ਤੋਂ ਅਸ਼ੀਰਵਾਦ ਸਕੀਮ ਹੇਠ ਲਾਭ ਲੈਣ ਲਈ ਅਰਜ਼ੀਆਂ ਸਿਰਫ਼ ਸੇਵਾ ਕੇਂਦਰਾਂ ਰਾਹੀਂ ਹੀ ਦਾਖ਼ਲ ਕੀਤੀਆਂ ਜਾ ਸਕਣਗੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਮੰਤਵ ਸੇਵਾ ਕੇਂਦਰਾਂ ਰਾਹੀਂ ਅਰਜ਼ੀਆਂ ਲੈਣ ਨਾਲ ਭ੍ਰਿਸ਼ਟਾਚਾਰ, ਦਲਾਲੀ ਅਤੇ ਗਲਤ ਵਰਤੋਂ 'ਤੇ ਨੱਥ ਪਾਉਣੀ ਅਤੇ ਲੋਕਾਂ ਦਾ ਸਰਕਾਰੀ ਪ੍ਰਣਾਲੀ 'ਤੇ ਭਰੋਸਾ ਹੋਰ ਮਜ਼ਬੂਤ ਕਰਨਾ ਹੈ। ਜ਼ਿਲ੍ਹਾ ਭਲਾਈ ਅਫ਼ਸਰ ਬਰਨਾਲਾ ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਸਕੀਮ ਹੇਠ ਅਨੁਸੂਚਿਤ ਜਾਤੀਆਂ, ਈਸਾਈ ਭਾਈਚਾਰੇ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਹਰ ਜਾਤੀ ਦੀ ਵਿਧਵਾਵਾਂ ਦੀਆਂ ਧੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਦੇ ਵਿਆਹ ਸਮੇਂ 51,000/- ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਲਾਭਪਾਤਰੀਆਂ ਨੂੰ ਦਸਤਾਵੇਜ਼ਾਂ ਸਮੇਤ ਅਰਜ਼ੀਆਂ ਵਿਭਾਗ ਦੇ ਤਹਿਸੀਲ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣੀਆਂ ਪੈਂਦੀਆਂ ਸਨ, ਜਿਸ ਕਾਰਨ ਕਾਰਵਾਈ ਵਿੱਚ ਦੇਰੀ ਅਤੇ ਤਕਨੀਕੀ ਖਾਮੀਆਂ ਆਉਂਦੀਆਂ ਸਨ। ਉਨ੍ਹਾਂ ਅੱਗੇ ਕਿਹਾ ਕਿ ਬਾਅਦ ਵਿੱਚ ਸਕੀਮ ਨੂੰ ਆਨਲਾਈਨ ਕਰਨ ਦੇ ਬਾਵਜੂਦ ਨਿੱਜੀ ਸਾਇਬਰ ਕੈਫ਼ਿਆਂ ਵੱਲੋਂ ਵੱਧ ਫੀਸ ਲੈਣ ਸੰਬੰਧੀ ਸ਼ਿਕਾਇਤਾਂ ਮਿਲਦੀਆਂ ਰਹੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਅਸ਼ੀਰਵਾਦ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਜੋੜ ਦਿੱਤਾ ਹੈ। ਇਸ ਨਾਲ ਲਾਭਪਾਤਰੀ ਆਪਣੇ ਨੇੜਲੇ ਸੇਵਾ ਕੇਂਦਰ ਤੋਂ ਘੱਟ ਖ਼ਰਚ 'ਤੇ ਆਸਾਨ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਲੈ ਸਕਣਗੇ।

# ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੀ ਪੰਜਵੀਂ ਸੂਚੀ ਜਾਰੀ

## ਮਿਸ਼ਨ ਦੇ 11 ਕਾਨੂੰਨੀ ਅਤੇ 28 ਮੀਡੀਆ ਸਲਾਹਕਾਰ ਕੀਤੇ ਨਿਯੁਕਤ



ਬਰਨਾਲਾ, 29 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੀ ਅਨੁਮਤੀ ਨਾਲ ਸਾਲ 2026 ਲਈ ਮਿਸ਼ਨ ਨੂੰ ਹਰ ਪੱਧਰ 'ਤੇ ਮਜ਼ਬੂਤ ਕਰਨ ਅਤੇ ਮਿਸ਼ਨ ਦੀਆਂ ਗਤੀਵਿਧੀਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਮਿਸ਼ਨ ਦੇ 11 ਕਾਨੂੰਨੀ ਸਲਾਹਕਾਰ ਅਤੇ 28 ਮੀਡੀਆ ਸਲਾਹਕਾਰ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਕਾਨੂੰਨੀ ਸਲਾਹਕਾਰਾਂ ਵਿੱਚ ਐਡਵੋਕੇਟ ਮਹੇਸ਼ ਕੁਮਾਰ ਸੰਗਰੂਰ, ਐਡਵੋਕੇਟ ਵਿਸ਼ਮ ਕਿੰਗਰ ਚੰਡੀਗੜ੍ਹ, ਐਡਵੋਕੇਟ ਗੁਰਵਿੰਦਰ ਕੌਰ ਫਰੀਦਕੋਟ, ਐਡਵੋਕੇਟ ਰਾਹੁਲ ਲੁਧਿਆਣਾ, ਐਡਵੋਕੇਟ ਅਮਨਦੀਪ ਚੋਪੜਾ ਸੰਗਰੂਰ, ਐਡਵੋਕੇਟ ਕ੍ਰਿਸ਼ਨ ਕੁਮਾਰ ਸਮਾਣਾ, ਐਡਵੋਕੇਟ ਮਨਪ੍ਰੀਤ ਕੌਰ ਬਰਨਾਲਾ, ਐਡਵੋਕੇਟ ਨਵਨੀਤ ਕੌਰ ਐਸ ਏ ਐਸ ਨਗਰ ਮੋਹਾਲੀ, ਐਡਵੋਕੇਟ ਲਲਿਤ ਕੁਮਾਰ ਸੰਗਰੂਰ, ਐਡਵੋਕੇਟ ਸੁਖਪ੍ਰੀਤ ਸਿੰਘ ਤਰਨ ਤਾਰਨ, ਐਡਵੋਕੇਟ ਮਨਦੀਪ ਸਿੰਘ ਕਲੇਰ ਚੰਡੀਗੜ੍ਹ ਅਤੇ ਮੀਡੀਆ ਸਲਾਹਕਾਰਾਂ ਵਿੱਚ ਐਚ ਐਸ ਸ਼ੰਮੀ ਸੰਗਰੂਰ, ਹਰਜੀਤ ਸਿੰਘ ਕਾਤਿਲ ਸ਼ੇਰਪੁਰ, ਸੁਖਵਿੰਦਰ ਸਿੰਘ ਭੰਡਾਰੀ ਬਰਨਾਲਾ, ਜਹੂਰ ਅਹਿਮਦ ਚੌਹਾਨ ਮਲੇਰਕੋਟਲਾ, ਗੁਰਸੇਵਕ ਸਿੰਘ ਸਹੋਤਾ ਮਹਿਲ ਕਲਾਂ, ਕੁਲਵੰਤ ਸਿੰਘ ਮੋਹਾਲੀ ਅਮਰਗੜ੍ਹ, ਸੁਖਵਿੰਦਰ ਸਿੰਘ ਅਟਵਾਲ ਅਮਰਗੜ੍ਹ, ਹਰਪਾਲ ਸਿੰਘ ਪਾਲੀ ਵਜੀਦ ਕੇ ਮਹਿਲ ਕਲਾਂ, ਨਸੀਬ ਸਿੰਘ ਵਿਰਕ ਜਗਰਾਉਂ ਲੁਧਿਆਣਾ, ਸਰਬਜੀਤ ਸਿੰਘ ਰਟੋਲਾ ਮਲੇਰਕੋਟਲਾ, ਹਰਮਨ ਸਿੰਘ ਬਰਨਾਲਾ, ਮਨਪ੍ਰੀਤ ਸਿੰਘ ਗੋਗੀ ਰਾਏਕੋਟ, ਬਲਦੇਵ ਸਿੰਘ ਸਰਾਓ ਮੂਣਕ, ਬੇਅੰਤ ਸਿੰਘ ਰੋਟੀ ਨਾਭਾ ਪਟਿਆਲਾ, ਬਲਜੀਤ ਸਿੰਘ ਹੁਸਨਪੁਰ ਮਲੇਰਕੋਟਲਾ, ਰਣਜੀਤ ਸਿੰਘ ਸ਼ੀਤਲ ਦਿੜਬਾ, ਹਰਪ੍ਰੀਤ ਕੌਰ ਸ਼ਰਮਾ ਬਰਨਾਲਾ, ਜਗਸੀਰ ਸਿੰਘ ਲੌਂਗੋਵਾਲ, ਸੁਖਵਿੰਦਰ ਸਿੰਘ ਸੁੱਖੀ ਛੰਨਾ, ਵਿਜੈ ਕੁਮਾਰ ਲੁਧਿਆਣਾ, ਮੋਨਿਕਾ ਰਾਣੀ ਲੁਧਿਆਣਾ, ਹਰਪਾਲ ਸਿੰਘ ਲੌਂਗੋਵਾਲ, ਅਸ਼ੋਕ ਕੁਮਾਰ ਮਸਤੀ ਲਹਿਰਾਗਾਗਾ, ਮਹਿੰਦਰ ਸਿੰਘ ਸਹੋਤਾ ਮੋਗਾ, ਬਲਵਿੰਦਰ ਸਿੰਘ ਆਜ਼ਾਦ ਬਰਨਾਲਾ, ਰਣਜੀਤ ਸਿੰਘ ਬਰਨਾਲਾ, ਰਵਿੰਦਰ ਕੁਮਾਰ ਸ਼ੇਰਪੁਰ ਅਤੇ ਰਾਜੇਸ਼ ਕੁਮਾਰ ਰਾਜਪੁਰਾ ਪਟਿਆਲਾ ਸ਼ਾਮਿਲ ਹਨ। ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# 48ਵਾਂ ਤਿੰਨ ਦਿਨਾਂ ਉੱਤਰ ਭਾਰਤੀ ਨਾਟਯ ਮੇਲਾ ਅੱਜ ਤੋਂ

## ਕਈ ਰਾਜਾਂ ਦੇ ਕਲਾਕਾਰ ਲੈਣਗੇ ਹਿੱਸਾ



ਬਰਨਾਲਾ, 29 ਜਨਵਰੀ (ਬਘੇਲ ਸਿੰਘ ਧਾਲੀਵਾਲ) : 48ਵਾਂ ਥੀਏਟਰ ਮੇਲਾ 30, 31 ਜਨਵਰੀ ਅਤੇ 1 ਫਰਵਰੀ 2026 ਨੂੰ ਸ੍ਰੀ ਮਹਾਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਤਿੰਨ ਦਿਨਾਂ ਥੀਏਟਰ ਮੇਲੇ ਵਿੱਚ, ਦੇਸ਼ ਦੇ ਵੱਖ-ਵੱਖ ਰਾਜਾਂ, ਜ਼ਿਲ੍ਹਿਆਂ ਅਤੇ ਸ਼ਹਿਰਾਂ ਦੇ ਕਲਾਕਾਰ ਆਪਣੀ ਪ੍ਰਤਿਭਾ ਨੂੰ ਬਿਹਤਰ ਢੰਗ ਨਾਲ ਪ੍ਰਦਰਸ਼ਿਤ ਕਰਨਗੇ। ਸ੍ਰੀ ਮਹਾਸ਼ਕਤੀ ਕਲਾ ਮੰਦਰ ਬਰਨਾਲਾ ਦੇ ਪ੍ਰਧਾਨ ਜਿੰਮੀ ਮਿੱਤਲ, ਕੈਸ਼ੀਅਰ ਸ਼ੰਮੀ ਸਿੰਗਲਾ, ਜਨਰਲ ਸਕੱਤਰ ਨਰੇਸ਼ ਸਿੰਗਲਾ (ਪਨਸਪ) ਅਤੇ ਸੰਗਠਨ ਸਕੱਤਰ ਅਨਿਲ ਦੱਤ ਸ਼ਰਮਾ ਨੇ ਕਿਹਾ ਕਿ ਇੱਕ ਅੰਕੜਾ ਨਾਟਕ 30 ਜਨਵਰੀ ਨੂੰ ਸ਼ਾਮ 5 ਵਜੇ ਸ਼ੁਰੂ ਹੋਵੇਗਾ। 31 ਜਨਵਰੀ ਨੂੰ ਸਵੇਰੇ 10 ਵਜੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਨੁੱਕੜ ਨਾਟਕ ਪੇਸ਼ ਕੀਤੇ ਜਾਣਗੇ। ਸ਼ਾਮ ਨੂੰ, ਦੇਸ਼ ਦੇ ਵੱਖ-ਵੱਖ ਰਾਜਾਂ, ਜ਼ਿਲ੍ਹਿਆਂ ਅਤੇ ਸ਼ਹਿਰਾਂ ਦੇ ਕਲਾਕਾਰ ਸ੍ਰੀ ਮਹਾਸ਼ਕਤੀ ਕਲਾ ਮੰਦਰ ਦੇ ਮੰਚ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਅਨਿਲ ਦੱਤ ਸ਼ਰਮਾ ਨੇ ਦੱਸਿਆ ਕਿ 1 ਫਰਵਰੀ ਨੂੰ ਸਵੇਰੇ 10 ਵਜੇ ਸਟੇਜ ਤੇ ਸਮੂਹ ਡਾਂਸ, ਗਿੱਧਾ, ਕੋਰੀਓਗ੍ਰਾਫੀ ਅਤੇ ਡੁਏਟ ਡਾਂਸ ਹੋਵੇਗਾ। ਇਸ ਸਮਾਗਮ ਵਿੱਚ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਮੌਜੂਦ ਰਹਿਣਗੇ। ਇਸ ਮੌਕੇ ਵਿਨੋਦ ਸ਼ਰਮਾ, ਪ੍ਰਦੀਪ ਲਾਇਲਪੁਰੀ, ਨੈਲਸਨ ਦਾਦੂ, ਰਾਕੇਸ਼ ਪਿੰਟਾ, ਕ੍ਰਿਸ਼ਨ ਬਾਂਸਲ, ਪ੍ਰਾਣਨਾਥ ਪ੍ਰਭਾਕਰ, ਪੰਕਜ ਗਰਗ, ਉਮੰਗ ਮਿੱਤਲ, ਸੁਧਾਂਸ਼ੂ ਦੱਤ, ਕ੍ਰਿਸ਼ਨਾ ਸਿੰਗਲਾ ਆਦਿ ਹਾਜ਼ਰ ਸਨ।

# ਵਾਧੂ ਤਕਨੀਕੀ ਸਿੱਖਿਆ ਨਾਲ ਵਿਦਿਆਰਥੀਆਂ ਨੂੰ ਸ਼ਕਤੀਸ਼ਾਲੀ ਬਣਾਉਂਦੈ ਵਾਈ.ਐਸ. ਕਾਲਜ



ਬਰਨਾਲਾ, 29 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐਸ ਕਾਲਜ, ਇੱਕ ਉਭਰਦਾ ਹੋਇਆ ਅਕਾਦਮਿਕ ਮਾਹਿਰਤਾ ਦਾ ਕੇਂਦਰ, ਨੂੰ ਸਾਲ ਦਾ ਸਭ ਤੋਂ ਉਭਰਦਾ ਉੱਚਤਮ ਸੰਸਥਾਨ ਦੇ ਤੌਰ 'ਤੇ ਮਾਨਤਾ ਦਿੱਤੀ ਗਈ ਹੈ, ਜੋ ਭਵਿੱਖ ਲਈ ਤਿਆਰ ਪ੍ਰੋਫੈਸ਼ਨਲ ਤਿਆਰ ਕਰਨ ਵਿੱਚ ਇਸ ਦੀ ਯਾਤਰਾ ਦਾ ਇੱਕ ਮਹੱਤਵਪੂਰਨ ਮੋੜ ਹੈ। 29 ਜਨਵਰੀ, ਨੂੰ ਕਾਲਜ ਨੇ ਵਿਦਿਆਰਥੀਆਂ ਦੀ ਵਿਕਾਸ ਯੋਜਨਾ ਦੇ ਦੂਜੇ ਦਿਨ ਨਾਲ ਨਵੀਨਤਮ ਸਿੱਖਿਆ ਦੇ ਪ੍ਰਤੀ ਆਪਣੀ ਵਚਨਬੱਧਤਾ ਜਾਰੀ ਰੱਖੀ। ਦੂਜੇ ਦਿਨ, ਧਿਆਨ ਡਿਜੀਟਲ ਸਜਨਾਤਮਕਤਾ 'ਤੇ ਕੇਂਦਰਿਤ ਸੀ, ਜਿੱਥੇ ਬੀ ਕਾਮ ਦੇ ਵਿਦਿਆਰਥੀਆਂ ਨੇ ਡਾਵਿੱਚੀ ਰਿਜ਼ੋਲਵ , ਉਦਯੋਗ-ਮੁੱਖ ਵੀਡੀਓ ਐਡੀਟਿੰਗ ਸਾਫਟਵੇਅਰ, 'ਤੇ ਇੱਕ ਸਮਰਪਿਤ ਸੈਸ਼ਨ ਵਿੱਚ ਭਾਗ ਲਿਆ। ਇਹ ਸੈਸ਼ਨ ਵਾਈ.ਐਸ ਕਾਲਜ ਦੇ ਇੰਟਰਨ ਫੈਕਲਟੀ ਮੋਹਿਤ ਕੁਮਾਰ ਵੱਲੋਂ ਲਿਆਇਆ ਗਿਆ, ਜਿਸ ਨੇ ਵਿਦਿਆਰਥੀਆਂ ਨੂੰ ਵੀਡੀਓ ਐਡੀਟਿੰਗ, ਰੰਗ ਗ੍ਰੇਡਿੰਗ ਅਤੇ ਸਟੋਰੀਟੇਲਿੰਗ ਤਕਨੀਕਾਂ ਦੀ ਬੁਨਿਆਦ ਸਮਝਾਉਂਦੀ ਹੋਈ ਪ੍ਰੈਕਟਿਕਲ ਸਿੱਖਿਆ ਦਿੱਤੀ। ਡਾਇਰੈਕਟਰ ਵਰੁਣ ਭਾਰਤੀ ਨੇ ਕਿਹਾ, ਵਾਈ.ਐਸ ਕਾਲਜ ਸਿਰਫ਼ ਅਕਾਦਮਿਕ ਪ੍ਰਾਪਤੀ ਬਾਰੇ ਨਹੀਂ ਹੈ। ਇਹ ਇੱਕ ਪਲੇਟਫਾਰਮ ਹੈ ਜਿੱਥੇ ਵਿਦਿਆਰਥੀ ਖੋਜ, ਨਵੀਨਤਾ ਅਤੇ ਵਿਕਾਸ ਕਰ ਸਕਦੇ ਹਨ। ਪ੍ਰਿੰਸਿਪਲ ਡਾ. ਗੁਰਪਾਲ ਸਿੰਘ ਰਾਣਾ ਨੇ ਹੱਥ-ਹੱਥ ਸਿੱਖਣ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਕਿਹਾ, ਸਭ ਤੋਂ ਉਭਰਦੇ ਸੰਸਥਾਨ ਦੇ ਤੌਰ 'ਤੇ ਮਾਨਤਾ ਮਿਲਣਾ ਸਾਡੀ ਫੈਕਲਟੀ ਦੀ ਲਗਨ ਅਤੇ ਵਿਦਿਆਰਥੀਆਂ ਦੀ ਮਿਹਨਤ ਦਾ ਪ੍ਰਮਾਣ ਹੈ। ਸੈਸ਼ਨਾਂ ਨਾਲ ਅਸੀਂ ਸਿਧਾਂਤ ਅਤੇ ਅਸਲ ਦੁਨੀਆਂ ਵਿਚਕਾਰ ਦਾ ਫਰਕ ਘਟਾਉਂਦੇ ਹਾਂ, ਜੋ ਵਿਦਿਆਰਥੀਆਂ ਨੂੰ ਮੁਕਾਬਲੇ ਲਈ ਤਿਆਰ ਕਰਦਾ ਹੈ। ਵਾਈਸ ਪ੍ਰਿੰਸਿਪਲ ਵੀ.ਪੀ. ਸਿੰਗਲਾ ਨੇ ਵੀ ਅੱਜ ਦੇ ਬਾਜ਼ਾਰ ਵਿਚ ਕੌਸ਼ਲ ਵਿਕਾਸ ਦੇ ਮਹੱਤਵ 'ਤੇ ਰੋਸ਼ਨੀ ਪਾਈ, ਕਹਿੰਦੇ ਹੋਏ, ਅਸੀਂ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਵਚਨਬੱਧ ਹਾਂ। ਦਿਆਰਥੀਆਂ ਨੂੰ ਹਰ ਖੇਤਰ ਵਿੱਚ ਉਤਕ੍ਰਿਸ਼ਟ ਬਣਾਉਂਦੇ ਹਾਂ। ਅੱਜ ਦਾ ਸੈਸ਼ਨ ਇਸ ਗੱਲ ਦਾ ਉਦਾਹਰਨ ਹੈ ਕਿ ਅਸੀਂ ਅਕਾਦਮਿਕ ਗੰਭੀਰਤਾ ਅਤੇ ਪ੍ਰੈਕਟਿਕਲ ਸਕਿਲਾਂ ਨੂੰ ਕਿਵੇਂ ਮਿਲਾ ਕੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਉਤਕ੍ਰਿਸ਼ਟ ਬਣਾਉਂਦੇ ਹਾਂ।ਵਾਈ.ਐਸ ਕਾਲਜ ਅਕਾਦਮਿਕ ਨਵੀਨਤਾ, ਪ੍ਰੈਕਟਿਕਲ ਸਿੱਖਿਆ ਅਤੇ ਮਾਹਿਰਤਾ ਨੂੰ ਮਿਲਾ ਕੇ ਉੱਚ ਸਿੱਖਿਆ ਵਿੱਚ ਨਵੇਂ ਮਾਪਦੰਡ ਸੈੱਟ ਕਰਦਾ ਰਹਿੰਦਾ ਹੈ। ਸਾਲ ਦਾ ਸਭ ਤੋਂ ਉਭਰਦਾ ਉੱਚਤਮ ਸੰਸਥਾਨ ਦੇ ਤੌਰ 'ਤੇ ਮਾਨਤਾ ਇਸ ਗੱਲ ਦੀ ਸਪੱਸ਼ਟਤਾ ਹੈ ਕਿ ਸਥਾਪਨਾ ਵਿਦਿਆਰਥੀਆਂ ਨੂੰ ਆਧੁਨਿਕ ਦੁਨੀਆ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਿਰਭਰ, ਸਿਰਜਨਾਤਮਕ ਅਤੇ ਯੋਗ ਬਣਾਉਂਦੀ ਹੈ।

# ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ 2026-27 ਦਾ ਆਗ਼ਾਜ਼




ਬਰਨਾਲਾ, 29 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਨਵੇਂ ਵਿੱਦਿਅਕ ਸੈਸ਼ਨ 2026-27 ਦੀ ਸ਼ੁਰੂਆਤ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਦਾ ਵਿਸ਼ਾਲ ਪੱਧਰ 'ਤੇ ਆਗਾਜ਼ ਕੀਤਾ ਗਿਆ ਹੈ। ਇਸ ਮੁਹਿੰਮ ਦੇ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਅਮਲਾ ਸਿੰਘ ਵਾਲਾ ਵਿਖੇ ਕੀਤੀ ਗਈ। ਇਹ ਦਾਖ਼ਲਾ ਮੁਹਿੰਮ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਬਰਨਾਲਾ ਮੈਡਮ ਇੰਦੂ ਸਿਮਕ ਜੀ ਦੀ ਰਹਿਨੁਮਾਈ ਹੇਠ ਚਲਾਈ ਜਾ ਰਹੀ ਹੈ।

ਇਸ ਮੌਕੇ ਸਕੂਲ ਮੁਖੀ ਨਰਿੰਦਰ ਕੁਮਾਰ ਨੇ ਦਾਖਲਾ ਮੁਹਿੰਮ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਆਰੀ ਸਿੱਖਿਆ, ਤਜਰਬੇਕਾਰ ਅਧਿਆਪਕਾਂ ਦੀ ਰਹਿਨੁਮਾਈ ਅਤੇ ਆਧੁਨਿਕ ਸਿੱਖਿਆਈ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਕੂਲਾਂ ਨੂੰ ਸਮਾਰਟ ਕਲਾਸਰੂਮ, ਮੁਫ਼ਤ ਪਾਠ ਪੁਸਤਕਾਂ, ਯੂਨੀਫਾਰਮ ਅਤੇ ਹੋਰ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਸਕੂਲਾਂ ਵਿੱਚ ਕਰਵਾ ਕੇ ਉਨ੍ਹਾਂ ਦੇ ਸੁਨਿਹਰੇ ਭਵਿੱਖ ਦੀ ਮਜ਼ਬੂਤ ਨੀਂਹ ਰੱਖਣ। ਇਸ ਮੌਕੇ ਸਕੂਲ ਸਟਾਫ ਵੱਲੋਂ ਵੀ ਦਾਖਲਾ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਈ ਗਈ। ਸਟਾਫ਼ ਮੈਂਬਰਾਂ ਵਿੱਚ ਸ੍ਰੀ ਹਰਜਿੰਦਰ ਸਿੰਘ ਭੱਟੀ, ਮੈਡਮ ਪ੍ਰੀਆ ਰਾਣੀ ਅਤੇ ਸ੍ਰੀ ਗਗਨਦੀਪ ਸਿੰਘ ਨੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਅਤੇ ਸਿੱਖਿਆਈ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।

# ਪੀ.ਏ.ਯੂ. ਫ਼ਾਰਮ ਸਲਾਹਕਾਰ ਸੇਵਾ ਕੇਂਦਰ ਨੇ ਸਿਖ਼ਲਾਈ ਕੈਂਪ ਲਗਾਇਆ




ਮਹਿਲ ਕਲਾਂ, ਬਰਨਾਲਾ, 29 ਜਨਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀ.ਏ.ਯੂ ਫ਼ਾਰਮ ਸਲਾਹਕਾਰ ਸੇਵਾ ਕੇਂਦਰ ਬਰਨਾਲਾ ਵੱਲੋਂ ਪਿੰਡ ਪੰਡੋਰੀ ਵਿੱਚ ਕਿਸਾਨ ਸਿਖ਼ਲਾਈ ਕੈਂਪ ਲਗਾਇਆ ਗਿਆ।

ਇਸ ਕੈਂਪ ਦੌਰਾਨ ਡਾ. ਅਮਨਦੀਪ ਕੌਰ ਜ਼ਿਲ੍ਹਾ ਪਸਾਰ ਵਿਗਿਆਨੀ ਫ਼ਾਰਮ ਸਲਾਹਕਾਰ ਸੇਵਾ ਕੇਂਦਰ ਬਰਨਾਲਾ ਨੇ ਦੱਸਿਆ ਕਿ ਮੌਜੂਦਾ ਹਾੜ੍ਹੀ ਦੀਆਂ ਫ਼ਸਲਾਂ ਤੋਂ ਵਧੇਰੇ ਝਾੜ ਲੈਣ ਲਈ ਖੁਰਾਕੀ ਤੱਤਾਂ ਦੀ ਵਰਤੋਂ, ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵਧੇਰੇ ਤਾਪਮਾਨ ਤੋਂ ਬਚਾਅ ਲਈ ਕਣਕ ਦੀ ਫ਼ਸਲ ਉੱਪਰ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਅਤੇ ਕਿਸਾਨਾਂ ਨੂੰ ਪੋਟਾਸ਼ੀਅਮ ਨਾਈਟ੍ਰੇਟ ਦੀਆਂ ਪ੍ਰਦਰਸ਼ਨੀਆਂ ਵੀ ਦਿਖਾਈਆਂ ਗਈਆਂ। ਇਸ ਦੌਰਾਨ ਬਾਰਿਸ਼ ਤੋਂ ਬਾਅਦ ਹਾੜ੍ਹੀ ਦੀਆਂ ਫ਼ਸਲਾਂ ਦਾ ਪ੍ਰਬੰਧਨ, ਨਦੀਨਾਂ ਦੀ ਰੋਕਥਾਮ ਅਤੇ ਕਣਕ ਦਾ ਬੀਜ਼ ਤਿਆਰ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਕਿਸਾਨਾਂ ਨੂੰ ਕਣਕ ਦੀ ਵਾਢੀ ਤੋਂ ਬਾਅਦ ਮਿੱਟੀ ਪਰਖ ਕਰਵਾਉਣ ਲਈ ਵੀ ਜਾਗਰੂਕ ਕੀਤਾ ਗਿਆ। ਅੰਤ ਵਿੱਚ ਕਿਸਾਨਾਂ ਨੂੰ ਫ਼ਾਰਮ ਸਲਾਹਕਾਰ ਸੇਵਾ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਵੇਂ ਕਿ ਗਰਮ ਰੁੱਤ ਦੀਆਂ ਸਬਜ਼ੀ ਦੀਆਂ ਕਿੱਟਾਂ, ਦਾਲਾਂ, ਝੋਨੇ ਦੇ ਬੀਜ਼, ਚਾਰੇ ਵਾਲੀ ਮੱਕੀ ਅਤੇ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਸਾਹਿਤ ਬਾਰੇ ਦੱਸਿਆ ਗਿਆ।

# ਜ਼ਿਲ੍ਹੇ ਵਿੱਚ ਬਾਲ ਮਜ਼ਦੂਰੀ ਨੂੰ ਰੋਕਣ ਸਬੰਧੀ ਚੈਕਿੰਗ



ਬਰਨਾਲਾ, 29 ਜਨਵਰੀ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੈਨ ਇੰਡੀਆ ਰੈਸਕਿਊ ਅਤੇ ਰੀਹੈਬਲੀਟੇਸ਼ਨ ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰ ਪਾਲ ਕੌਰ ਧਾਰੀਵਾਲ ਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਮੈਡਮ ਗੁਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਬਰਨਾਲਾ ਵੱਲੋਂ ਸ਼ਹਿਰ ਬਰਨਾਲਾ ਵਿੱਚ ਲੇਬਰ ਵਿਭਾਗ ਤੇ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਾਲ ਮਜ਼ਦੂਰੀ ਨੂੰ ਰੋਕਣ ਲਈ ਇੱਕ ਵਿਸ਼ੇਸ਼ ਰੈਸਕਿਊ ਅਭਿਆਨ ਚਲਾਇਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਮੈਡਮ ਗੁਰਜੀਤ ਕੌਰ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਮਕਸਦ ਬੱਚਿਆਂ ਨੂੰ ਬਾਲ ਮਜ਼ਦੂਰੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣਾ ਸੀ। ਅਭਿਆਨ ਦੌਰਾਨ ਟੀਮ ਵੱਲੋਂ ਦੁਕਾਨਾਂ ਹੋਟਲਾਂ, ਰੇਹੜੀਆਂ ਤੇ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਗਈ ਅਤੇ ਮਜ਼ਦੂਰੀ ਕਰਦੇ ਬੱਚਿਆਂ ਦੀ ਭਾਲ ਕੀਤੀ ਗਈ। ਰੇਸਕਿਊ ਉਪਰੰਤ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਨੂੰ ਅਗਲੀ ਕਾਨੂੰਨੀ ਕਾਰਵਾਈ ਅਤੇ ਪੁਨਰਵਾਸ ਲਈ ਚਾਈਲਡ ਵੈਲਫ਼ੇਅਰ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਗਿਆ ਇਸ ਕਾਰਵਾਈ ਦਾ ਮਕਸਦ ਬੱਚਿਆਂ ਨੂੰ ਮਜ਼ਦੂਰੀ ਵਰਗੀਆਂ ਗੈਰ ਕਾਨੂੰਨੀ ਅਤੇ ਅਨੈਤਿਕ ਪ੍ਰਥਾਵਾਂ ਤੋਂ ਬਚਾਉਣਾ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਬੱਚਿਆਂ ਤੋਂ ਬਾਲ ਮਜ਼ਦੂਰੀ ਨਾ ਕਰਵਾਈ ਜਾਵੇ ਅਤੇ ਜੋ ਅਜਿਹਾ ਕਰਦਾ ਹੈ, ਤਾਂ ਉਸਦੇ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਜੇਕਰ ਕਿਤੇ ਵੀ ਕੋਈ ਬੱਚਾ ਮਜ਼ਦੂਰੀ ਕਰਦਾ ਨਜ਼ਰ ਆਵੇ ਤਾਂ ਤੁਰੰਤ ਚਾਈਲਡ ਹੈਲਪ ਲਾਈਨ ਨੰਬਰ 1098 ਜਾਂ ਸੰਬੰਧਿਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਅਤੇ ਸੁਨਿਹਰਾ ਭਵਿੱਖ ਪ੍ਰਦਾਨ ਕੀਤਾ ਜਾ ਸਕੇ। ਇਸ ਅਭਿਆਨ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਬਰਨਾਲਾ ਤੋਂ ਲੱਖਾ ਸਿੰਘ, ਸ਼ੋਸ਼ਲ ਵਰਕਰ ਬਲਵਿੰਦਰ ਸਿੰਘ, ਲੇਬਰ ਇੰਸਪੈਕਟਰ ਮਨਪ੍ਰੀਤ ਸਿੰਘ ਹਾਜ਼ਰ ਸਨ।

# ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਨੇ ਪੰਜਾਬ ਸਰਕਾਰ ਤੋਂ ਪੱਕੇ ਰੋਜ਼ਗਾਰ ਅਤੇ ਗੁਜ਼ਾਰੇ ਯੋਗ ਤਨਖ਼ਾਹ ਦੀ ਮੰਗ ਉਠਾਈ



ਬਰਨਾਲਾ, 29 ਜਨਵਰੀ (ਬਘੇਲ ਸਿੰਘ ਧਾਲੀਵਾਲ) : ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਸੂਬਾਈ ਲੀਡਰਸ਼ਿਪ ਵੱਲੋਂ ਫਰਦ ਕੇਂਦਰ ਕੰਪਿਊਟਰ ਅਪਰੇਟਰ ਐਸੋਸੀਏਸ਼ਨ (ਰਜਿ.) ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਰਮਨਦੀਪ ਸਿੰਘ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ 7 ਫਰਵਰੀ ਨੂੰ ਪੰਜਾਬ ਦੇ ਵੱਖ-ਵੱਖ ਸਰਕਾਰੀ ਵਿਭਾਗਾਂ-ਬਿਜਲੀ ਵਿਭਾਗ, ਜਲ ਸਪਲਾਈ, ਸੀਵਰੇਜ ਬੋਰਡ, ਵੇਰਕਾ ਮਿਲਕ ਪਲਾਂਟ, ਪੀ.ਡਬਲਿਊ.ਡੀ., ਫਰਦ ਕੇਂਦਰ, ਵੇਅਰਹਾਊਸਿੰਗ ਆਦਿ ਵਿੱਚ ਕੰਮ ਕਰ ਰਹੇ ਹਜ਼ਾਰਾਂ ਆਊਟਸੋਰਸਡ, ਇਨਲਿਸਟਮੈਂਟ, ਦਿਹਾੜੀਦਾਰ ਅਤੇ ਠੇਕਾ ਮੁਲਾਜ਼ਮ ਆਪਣੇ ਪਰਿਵਾਰਾਂ ਸਮੇਤ ਦਿੜ੍ਹਬਾ ਦਾਣਾ ਮੰਡੀ ਵਿੱਚ ਇਕੱਠੇ ਹੋ ਕੇ ਇਕ ਰੋਹ ਭਰਪੂਰ ਅਤੇ ਮਿਸਾਲੀ ਰੈਲੀ ਕਰਨਗੇ।ਉਨ੍ਹਾਂ ਕਿਹਾ ਕਿ ਇਹ ਰੈਲੀ ਵਿੱਤ ਮੰਤਰੀ ਪੰਜਾਬ ਅਤੇ ਕੈਬਨਿਟ ਸਬ-ਕਮੇਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਦੇ ਹਲਕੇ ਵਿੱਚ ਕੀਤੀ ਜਾ ਰਹੀ ਹੈ, ਜਿਸ ਰਾਹੀਂ ਪੰਜਾਬ ਸਰਕਾਰ ਅੱਗੇ ਪੱਕੇ ਰੋਜ਼ਗਾਰ ਅਤੇ ਗੁਜ਼ਾਰੇ ਯੋਗ ਤਨਖਾਹ ਦੀ ਮਜ਼ਬੂਤ ਮੰਗ ਰੱਖੀ ਜਾਵੇਗੀ।ਵੱਲੋਂ ਦੱਸਿਆ ਗਿਆ ਕਿ ਇਸ ਰੈਲੀ ਨੂੰ ਕਿਸਾਨ, ਮਜ਼ਦੂਰ ਅਤੇ ਹੋਰ ਰੈਗੂਲਰ ਮੁਲਾਜ਼ਮ ਜਥੇਬੰਦੀਆਂ ਦਾ ਭਾਰੀ ਸਮਰਥਨ ਪ੍ਰਾਪਤ ਹੋਵੇਗਾ। ਰੈਲੀ ਦੀ ਤਿਆਰੀ ਮੁਲਾਜ਼ਮਾਂ ਦੀਆਂ ਵਿਆਪਕ ਮੀਟਿੰਗਾਂ ਅਤੇ ਆਗੂ ਟੀਮਾਂ ਵੱਲੋਂ ਘਰ-ਘਰ ਸੰਪਰਕ ਕਰਕੇ ਮੁਕੰਮਲ ਕੀਤੀ ਜਾ ਚੁੱਕੀ ਹੈ, ਜਿਸ ਕਾਰਨ ਇਸ ਰੈਲੀ ਵਿੱਚ ਇਤਿਹਾਸਕ ਇਕੱਠ ਹੋਣ ਦੀ ਪੂਰੀ ਸੰਭਾਵਨਾ ਹੈ। ਆਗੂਆਂ ਨੇ ਕਿਹਾ ਕਿ ਇਸ ਵਿਸ਼ਾਲ ਇਕੱਠ ਰਾਹੀਂ ਪੰਜਾਬ ਸਰਕਾਰ ਨੂੰ ਚੁਣੌਤੀ ਦਿੱਤੀ ਜਾਵੇਗੀ ਕਿ ਉਹ ਮੁਲਾਜ਼ਮਾਂ ਨੂੰ ਧੋਖਾ ਦੇਣ ਲਈ ਬਣਾਈਆਂ ਜਾ ਰਹੀਆਂ ਲਮਕਾਊ, ਟਰਕਾਊ ਅਤੇ ਪਾਟਕਪਾਊ ਨੀਤੀਆਂ ਨੂੰ ਛੱਡ ਕੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਤੁਰੰਤ ਗੱਲਬਾਤ ਰਾਹੀਂ ਹੱਲ ਕਰੇ। ਜੇਕਰ ਸਰਕਾਰ ਨੇ ਇਸ ਰੈਲੀ ਤੋਂ ਵੀ ਕੋਈ ਸਬਕ ਨਾ ਲਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਸੰਘਰਸ਼ ਨੂੰ ਹੋਰ ਵਿਸ਼ਾਲ ਅਤੇ ਤਿੱਖਾ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਐੱਸ.ਬੀ.ਐੱਸ. ਪਬਲਿਕ ਸਕੂਲ ਵਿੱਚ ਬੋਰਡ ਪ੍ਰੀਖਿਆ ਦੀ ਤਿਆਰੀ ਤੇ ਇਮਤਿਹਾਨੀ ਡਰ ਘਟਾਉਣ ਲਈ ਵਿਸ਼ੇਸ਼ ਸੈਮੀਨਾਰ



ਬਰਨਾਲਾ, 29 ਜਨਵਰੀ (ਇਸ਼ੇਨ ਕੰਗ) : ਐੱਸ.ਬੀ.ਐੱਸ. ਪਬਲਿਕ ਸਕੂਲ, ਸੁਰਜੀਤਪੁਰਾ ਵਿੱਚ ਕਲਾਸ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਲਈ ਬੋਰਡ ਪ੍ਰੀਖਿਆ ਦੀ ਤਿਆਰੀ, ਸਮੇਂ ਦੀ ਯੋਜਨਾ ਅਤੇ ਇਮਤਿਹਾਨੀ ਡਰ ਨੂੰ ਘਟਾਉਣ ਦੇ ਉਦੇਸ਼ ਨਾਲ ਇਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੌਰਾਨ ਨਾਰਾਇਣ ਗਰਗ ਨੇ ਵਿਦਿਆਰਥੀਆਂ ਨਾਲ ਵਿਸਥਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੋਰਡ ਪ੍ਰੀਖਿਆ ਸਿਰਫ਼ ਯਾਦਦਾਸ਼ਤ ਦੀ ਨਹੀਂ, ਸਗੋਂ ਸਮਝ, ਯੋਜਨਾ ਅਤੇ ਆਤਮ ਵਿਸ਼ਵਾਸ ਦੀ ਪਰਖ ਹੁੰਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰੋਜ਼ਾਨਾ ਪਾਠ ਅਧਿਐਨ ਲਈ ਸਮਾਂਸਾਰਣੀ ਤਿਆਰ ਕਰਨ, ਵਿਸ਼ਿਆਂ ਨੂੰ ਛੋਟੇਛੋਟੇ ਹਿੱਸਿਆਂ ਵਿੱਚ ਵੰਡ ਕੇ ਪੜ੍ਹਨ, ਲਿਖਤੀ ਅਭਿਆਸ ਕਰਨ ਅਤੇ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰ ਹੱਲ ਕਰਨ ਦੇ ਪ੍ਰਭਾਵਸ਼ਾਲੀ ਤਰੀਕੇ ਸਾਂਝੇ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਹ ਵੀ ਸਮਝਾਇਆ ਕਿ ਪ੍ਰੀਖਿਆ ਦੌਰਾਨ ਘਬਰਾਹਟ ਤੋਂ ਬਚਣ ਲਈ ਸਕਾਰਾਤਮਕ ਸੋਚ, ਯੋਗ ਨੀਂਦ, ਸਿਹਤਮੰਦ ਖੁਰਾਕ ਅਤੇ ਧਿਆਨ ਬਹੁਤ ਜ਼ਰੂਰੀ ਹੈ। ਨਾਰਾਇਣ ਗਰਗ ਨੇ ਕਿਹਾ ਕਿ ਡਰ ਸਿਰਫ਼ ਤਿਆਰੀ ਦੀ ਕਮੀ ਨਾਲ ਪੈਦਾ ਹੁੰਦਾ ਹੈ, ਜੇ ਤਿਆਰੀ ਪੂਰੀ ਹੋਵੇ ਤਾਂ ਆਤਮ ਵਿਸ਼ਵਾਸ ਆਪੇ ਹੀ ਬਣ ਜਾਂਦਾ ਹੈ। ਇਸ ਮੌਕੇ ਉਪ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪ੍ਰੀਖਿਆ ਨੂੰ ਚੁਣੌਤੀ ਸਮਝ ਕੇ ਕਬੂਲ ਕਰਨਾ ਚਾਹੀਦਾ ਹੈ, ਨਾ ਕਿ ਡਰ ਦਾ ਕਾਰਨ। ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਨਿਯਮਿਤ ਅਭਿਆਸ ਅਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਨਾਲ ਹਰ ਲਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਸਕੂਲ ਦੀ ਪ੍ਰਿੰਸੀਪਲ ਕਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਬੋਰਡ ਪ੍ਰੀਖਿਆ ਜੀਵਨ ਦਾ ਇੱਕ ਹਿੱਸਾ ਹੈ, ਅੰਤਿਮ ਮੰਜ਼ਿਲ ਨਹੀਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਆਤਮ ਵਿਸ਼ਵਾਸ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸੈਮੀਨਾਰ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਆਪਣੇ ਸਵਾਲ ਪੁੱਛੇ ਅਤੇ ਮਾਹਿਰ ਵੱਲੋਂ ਮਿਲੀ ਰਹਿਨੁਮਾਈ ਨਾਲ ਕਾਫ਼ੀ ਲਾਭ ਉਠਾਇਆ। ਇਹ ਸੈਮੀਨਾਰ ਵਿਦਿਆਰਥੀਆਂ ਵਿੱਚ ਬੋਰਡ ਪ੍ਰੀਖਿਆ ਪ੍ਰਤੀ ਸਕਾਰਾਤਮਕ ਸੋਚ ਪੈਦਾ ਕਰਨ ਅਤੇ ਉਨ੍ਹਾਂ ਨੂੰ ਆਤਮ ਵਿਸ਼ਵਾਸ ਨਾਲ ਇਮਤਿਹਾਨਾਂ ਦਾ ਸਾਹਮਣਾ ਕਰਨ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਇਆ।

# ਪਿੰਡ ਜੋਧਪੁਰ ਵਿੱਚ ਆਯੂਸ਼ ਡਾਕਟਰੀ ਜਾਂਚ ਕੈਂਪ ਲਗਾਇਆ



ਬਰਨਾਲਾ, 29 ਜਨਵਰੀ (ਬਘੇਲ ਸਿੰਘ ਧਾਲੀਵਾਲ) : ਆਯੂਸ਼ ਕਮਿਸ਼ਨਰ ਸ. ਦਿਲਰਾਜ ਸਿੰਘ ਡਾਇਰੈਕਟਰ ਆਯੂਰਵੈਦਾ ਪੰਜਾਬ ਡਾ. ਰਮਨ ਖੰਨਾ, ਡਾਇਰੈਕਟਰ ਹੋਮਿਓਪੈਥੀ ਡਾ. ਹਰਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੂਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਅਮਨ ਕੌਸ਼ਲ, ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ. ਰਜੀਵ ਜਿੰਦੀਆ ਦੀ ਅਗਵਾਈ ਵਿੱਚ ਗੁਰੂ ਰਵਿਦਾਸ ਧਰਮਸ਼ਾਲਾ ਜੋਧਪੁਰ ਵਿੱਚ ਆਯੂਸ਼ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਆਗਾਜ਼ ਸਰਪੰਚ ਵੀਰਪਾਲ ਸਿੰਘ ਅਤੇ ਸਮੂਹ ਪੰਚਾਇਤ ਵੱਲੋਂ ਕੀਤਾ ਗਿਆ। ਇਸ ਕੈਂਪ ਵਿੱਚ ਆਯੂਰਵੈਦ ਵਿਭਾਗ ਵੱਲੋਂ 366 ਅਤੇ ਹੋਮਿਓਪੈਥਿਕ ਵਿਭਾਗ ਵੱਲੋਂ 220 ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ।ਇਸ ਕੈਂਪ ਵਿੱਚ ਆਯੂਰਵੈਦ ਵਿਭਾਗ ਵੱਲੋਂ ਡਾ. ਅਮਨਦੀਪ ਸਿੰਘ ਨੋਡਲ ਅਫ਼ਸਰ, ਡਾ. ਹਰਜੋਤ ਕੁਮਾਰ ਸ਼ਰਮਾ ਡਾ. ਸ਼ੀਤੂ ਢੀਂਗਰਾ ਵੱਲੋਂ ਮਰੀਜ਼ਾਂ ਦਾ ਨਰੀਖਣ ਕੀਤਾ ਗਿਆ ਅਤੇ ਨਵਰਾਜ ਸਿੰਘ, ਸੁਖਵਿੰਦਰ ਸਿੰਘ, ਮਨਜਿੰਦਰ ਸਿੰਘ, ਸਰਬਜੀਤ ਕੌਰ ਉਪਵੈਦ ਨੇ ਆਏ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ। ਹੋਮਿਓਪੈਥਿਕ ਵਿਭਾਗ ਵੱਲੋਂ ਡਾ. ਅਮਰਿੰਦਰ ਕੌਰ ਐਚ ਐਮ ਓ ਨੇ ਮਰੀਜ਼ਾਂ ਦਾ ਨਿਰੀਖਣ ਕੀਤਾ। ਹੋਮਿਓਪੈਥੀ ਡਿਸਪੈਂਸਰ ਇੰਦਰਜੀਤ ਸਿੰਘ ਅਤੇ ਗੁਰਮੀਤ ਸਿੰਘ ਧਨੌਲਾ ਨੇ ਮਰੀਜ਼ਾਂ ਨੂੰ ਹੋਮਿਓਪੈਥਿਕ ਦਵਾਈਆਂ ਵੰਡੀਆਂ।ਇਸ ਮੌਕੇ ਸ਼੍ਰੀ ਵੀਰਪਾਲ ਸਿੰਘ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ ਪਿੰਡ ਜੋਧਪੁਰ ਵੱਲੋਂ ਸਮੁੱਚੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਪੰਜਾਬ ਸਰਕਾਰ ਵੱਲੋਂ ਇਨਾਂ ਸਿਹਤ ਸਹੂਲਤਾਂ ਨੂੰ ਘਰ ਘਰ ਪਹਚਾਉਣ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਲੇਖ ਗਤੀਵਿਧੀ ਰਾਹੀਂ ਅੰਗਰੇਜ਼ੀ ਵਿਆਕਰਣ ਦੀਆਂ ਬਾਰੀਕੀਆਂ ਸਿੱਖੀਆਂ






ਬਰਨਾਲਾ, 29 ਜਨਵਰੀ (ਇਸ਼ੇਨ ਕੰਗ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਲਈ ਲੇਖ ਗਤੀਵਿਧੀ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦੇਸ਼ ਅੰਗਰੇਜ਼ੀ ਵਿਆਕਰਣ ਨੂੰ ਸਰਲ, ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾਉਣਾ ਸੀ।

ਇਸ ਵਿੱਦਿਅਕ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ A, An ਅਤੇ The ਵਰਗੇ ਲੇਖਾਂ ਦੀ ਸਹੀ ਅਤੇ ਵਿਹਾਰਕ ਵਰਤੋਂ ਸਿਖਾਉਣਾ ਸੀ, ਤਾਂ ਜੋ ਉਹ ਸ਼ੁਰੂਆਤੀ ਪੱਧਰ ਤੋਂ ਹੀ ਭਾਸ਼ਾ ਦੀ ਨੀਂਹ ਨੂੰ ਮਜ਼ਬੂਤ ਕਰ ਸਕਣ। ਸਕੂਲ ਦੇ ਚੇਅਰਮੈਨ, ਸ਼੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ਼੍ਰੀਮਤੀ ਗੀਤਾ ਅਰੋੜਾ, ਸ਼੍ਰੀ ਨਿਖਿਲ ਅਰੋੜਾ ਅਤੇ ਸ਼੍ਰੀਮਤੀ ਨੇਹੁਲ ਅਰੋੜਾ ਨੇ ਇਸ ਵਿੱਦਿਅਕ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਕਿਹਾ, ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ, ਅਸੀਂ ਸਿੱਖਿਆ ਨੂੰ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਰੱਖਦੇ, ਸਗੋਂ ਗਤੀਵਿਧੀਆਂ ਅਧਾਰਤ ਸਿੱਖਿਆ ਰਾਹੀਂ ਬੱਚਿਆਂ ਨੂੰ ਅਸਲ ਜ਼ਿੰਦਗੀ ਨਾਲ ਜੋੜਦੇ ਹਾਂ। ਇਸ ਮੌਕੇ 'ਤੇ ਬੋਲਦਿਆਂ ਸਕੂਲ ਦੀ ਪ੍ਰਿੰਸੀਪਲ, ਸ਼੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਕਿਹਾ, ਪ੍ਰਾਇਮਰੀ ਕਲਾਸਾਂ ਵਿੱਚ ਭਾਸ਼ਾ ਦੀ ਸਹੀ ਸਮਝ ਵਿਕਸਤ ਕਰਨਾ ਬਹੁਤ ਜ਼ਰੂਰੀ ਹੈ। ਲੇਖ ਗਤੀਵਿਧੀ ਨੇ ਸਾਬਤ ਕੀਤਾ ਕਿ ਜਦੋਂ ਸਿੱਖਿਆ ਨੂੰ ਦਿਲਚਸਪ ਅਤੇ ਭਾਗੀਦਾਰੀ ਵਾਲਾ ਬਣਾਇਆ ਜਾਂਦਾ ਹੈ, ਤਾਂ ਬੱਚੇ ਆਪਣੇ ਆਪ ਸਿੱਖਣ ਵੱਲ ਵਧਦੇ ਹਨ।